ਅਕਤੂਬਰ 2026, ਅੰਕ 20

# ALTA CONNECTIONS

**ਤਿਮਾਹੀ ਕਲਾਇੰਟ, ਸੇਵਾ ਪ੍ਰਦਾਤਾ, ਅਤੇ ਸਟਾਫ਼ ਅੱਪਡੇਟ ਨਿਊਜ਼ਲੈਟਰ**




*ਪੰਨਾ 14 'ਤੇ ਵਿਸ਼ੇਸ਼ ਲੇਖਕ Mary Thornsberry ਬਾਰੇ ਹੋਰ ਜਾਣੋ*

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ

*ਪ੍ਰਬੰਧਕ ਨਿਰਦੇਸ਼ਕ*

ਪਿਛਲੀ ਤਿਮਾਹੀ ਦੌਰਾਨ ਰੀਜਨਲ ਸੈਂਟਰ ਦੀਆਂ ਬਹੁਤ ਸਾਰੀਆਂ ਗਤੀਵਿਧੀਆਂ ਹੋਈਆਂ ਅਤੇ ਰਣਨੀਤਕ ਪਹਿਲਕਦਮੀਆਂ ਨੂੰ ਲਾਗੂ ਕੀਤਾ ਗਿਆ ਜੋ ਉਹਨਾਂ ਲੋਕਾਂ ਲਈ ਸੇਵਾ ਅਤੇ ਨਵੀਨਤਾ ਪ੍ਰਤੀ ਸਾਡੀ ਵਚਨਬੱਧਤਾ ਨੂੰ ਅੱਗੇ ਵਧਾਉਂਦੀਆਂ ਹਨ ਜਿਨ੍ਹਾਂ ਦੀ ਅਸੀਂ ਸਹਾਇਤਾ ਕਰਦੇ ਹਾਂ। ਆਲਟਾ ਕੈਲੀਫ਼ੋਰਨੀਆ ਰੀਜਨਲ ਸੈਂਟਰ (Alta California Regional Center, ACRC) ਸਾਡੀਆਂ ਸੇਵਾਵਾਂ ਬਾਰੇ ਜਾਗਰੂਕਤਾ ਫੈਲਾਉਣ, ਸਿੱਖਿਆ ਪ੍ਰਦਾਨ ਕਰਨ ਅਤੇ ਤੁਹਾਡੇ ਲਈ ਕੀ ਮਹੱਤਵਪੂਰਨ ਹੈ, ਇਹ ਜਾਣਨ ਲਈ ਪੂਰੇ ਖੇਤਰ ਵਿੱਚ ਪ੍ਰਤੀਨਿਧੀ ਭਾਈਚਾਰਿਆਂ ਤੱਕ ਲਗਾਤਾਰ ਸੰਪਰਕ ਕਰ ਰਿਹਾ ਹੈ। ਸੇਵਾਵਾਂ, ਆਵਾਜਾਈ, ਰਿਹਾਇਸ਼ ਅਤੇ ਰੁਜ਼ਗਾਰ ਤੱਕ ਪਹੁੰਚ ਸੂਚੀ ਵਿੱਚ ਸਭ ਤੋਂ ਉੱਪਰ ਹਨ। ACRC ਨੇ ਗਾਹਕਾਂ ਦੇ ਮੌਕਿਆਂ ਅਤੇ ਸੇਵਾਵਾਂ ਤੱਕ ਪਹੁੰਚ ਵਧਾਉਣ ਅਤੇ ਭਾਈਚਾਰਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਇਨ੍ਹਾਂ ਸਾਰੇ ਖੇਤਰਾਂ ਵਿੱਚ ਲਗਾਤਾਰ ਨਵੇਂ ਯਤਨ ਕੀਤੇ ਹਨ। ਇਸ ਪਿਛਲੀ ਤਿਮਾਹੀ ਵਿੱਚ, ACRC ਨੇ ਕਈ ਸ਼੍ਰੇਣੀਆਂ ਵਿੱਚ 64 ਨਵੇਂ ਸੇਵਾ ਪ੍ਰਦਾਤਾ ਸ਼ਾਮਲ ਕੀਤੇ ਹਨ, ਜਿਵੇਂ ਕਿ 15 ਬਾਲਗਾਂ ਅਤੇ ਦੋ ਬੱਚਿਆਂ ਲਈ ਘਰ, ਛੇ ਅਡਲਟ ਡੇ ਪ੍ਰੋਗਰਾਮ ਅਤੇ ਦੋ ਬਿਹੇਵਿਅਰਲ ਸਪੋਰਟਸ ਡੇ ਪ੍ਰੋਗਰਾਮ। GoGoGrandparent, ਇੱਕ ਕੰਸੀਅਰਜ ਮੈਂਬਰਸ਼ਿਪ ਪ੍ਰੋਗਰਾਮ ਜੋ ਸ਼ੁਰੂ ਵਿੱਚ ਰਾਈਡ-ਸ਼ੇਅਰ ਸੇਵਾ ਦਾ ਸਮਾਂ ਤੈਅ ਕਰਨ ਵਿੱਚ ਬਜ਼ੁਰਗ ਆਬਾਦੀ ਦੀ ਸਹਾਇਤਾ ਲਈ ਤਿਆਰ ਕੀਤਾ ਗਿਆ ਸੀ, ਨੂੰ ਹੁਣ ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਵਿਅਕਤੀਆਂ ਵਾਸਤੇ ਵੀ ਇਹੀ ਸਹਾਇਤਾ ਪ੍ਰਦਾਨ ਕਰਨ ਲਈ ਵਧਾਇਆ ਗਿਆ ਹੈ ਜੋ ਇਸ ਆਵਾਜਾਈ ਦੇ ਵਿਕਲਪ ਵਿੱਚ ਸੁਰੱਖਿਅਤ ਢੰਗ ਨਾਲ ਸਫ਼ਰ ਕਰ ਸਕਦੇ ਹਨ। ਇਸ ਸੇਵਾ ਨੂੰ ਪਿਛਲੇ ਐਡੀਸ਼ਨਾਂ ਵਿੱਚ ਉਜਾਗਰ ਕੀਤਾ ਗਿਆ ਹੈ।

ਜਾਰੀ ਹੈ ਪੰਨਾ 2

### ਇਸ ਅੰਕ ਵਿੱਚ ਕੀ ਹੈ:


- ED ਦਾ ਸੁਨੇਹਾ
- ARCA ਅਕੈਡਮੀ
- ਐਮਰਜੈਂਸੀ ਸੋਮਾ ਮੇਲਾ
- ਅਰਲੀ ਸਟਾਰਟ ਰਾਊਂਡਟੇਬਲ
- ਇਸ ਮਹੀਨੇ ਦੇ ਬਿਹਤਰੀਨ ਕਰਮਚਾਰੀ
- ਸਮਾਰਟ ਗਲਾਸਿਜ਼ ਐਂਪਲੌਇਮੈਂਟ ਪਾਇਲਟ
- SAC ਸਟੇਟ
- NASDDDS ਫੇਰੀ
- ਕਲੀਨਿਕਲ ਸੇਵਾਵਾਂ ਟੀਮ
- DSP ਰਿਕੋਗਨਿਸ਼ਨ ਵੀਕ
- ਤਕਨੀਕੀ ਪਾਇਲਟ ਮੁਲਾਂਕਣ
- ਕਲਾਇੰਟ ਸਪੌਟਲਾਈਟ - MINDEE
- ਵਿਸ਼ੇਸ਼ ਲੇਖਕ
- EDISON JUN ਵੱਲੋਂ ਅੱਪਡੇਟ
- ਡੇਵਿਸ ਵਿੱਚ ਵਿਲੋਗ੍ਰੋਵ ਹਾਊਸਿੰਗ

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ – ਜਾਰੀ ਹੈ

ਅੱਜ ਤੱਕ, ACRC ਨਾਲ 265 ਰਾਈਡਰਾਂ ਦੀ ਸਹਾਇਤਾ ਲਈ ਇਕਰਾਰਨਾਮਾ ਕੀਤਾ ਗਿਆ ਹੈ, ਅਤੇ ਇਹ ਪ੍ਰੋਗਰਾਮ ਲਗਾਤਾਰ ਵਧਦਾ ਜਾ ਰਿਹਾ ਹੈ। ਲੋੜ-ਮੁਤਾਬਕ ਰਾਈਡ ਦੀ ਸਹੂਲਤ ਉਪਲਬਧ ਹੋਣਾ ਬਹੁਤ ਸਾਰੇ ਲੋਕਾਂ ਲਈ ਸ਼ਾਨਦਾਰ ਸਹਾਇਤਾ ਰਹੀ ਹੈ, ਖਾਸ ਕਰਕੇ ਉਨ੍ਹਾਂ ਲਈ ਜੋ ਨੌਕਰੀ ਕਰਦੇ ਹਨ ਅਤੇ ਜਿਨ੍ਹਾਂ ਦੇ ਕੰਮ ਦਾ ਸ਼ਡਿਊਲ ਆਮ ਕਾਰੋਬਾਰੀ ਘੰਟਿਆਂ ਤੋਂ ਬਾਹਰ ਹੋ ਸਕਦਾ ਹੈ। ਰੁਜ਼ਗਾਰ ਦੇ ਖੇਤਰ ਵਿੱਚ, ACRC ਕੰਪੇਟਿਟਿਵ ਇੰਟੀਗ੍ਰੇਟਿਡ ਐਂਪਲੌਇਮੈਂਟ (CIE) ਪਲੇਸਮੈਂਟਾਂ ਨੂੰ ਵਧਾਉਣ ਲਈ ਲਗਾਤਾਰ ਭਾਈਵਾਲੀ ਵਿਕਸਤ ਕਰ ਰਿਹਾ ਹੈ। ਜਦੋਂ ਕਿ ਕੁਝ ਕਲਾਇੰਟ CIE ਨਾਲ ਸ਼ੁਰੂਆਤ ਕਰਦੇ ਹਨ, ਦੂਸਰੇ ਨੌਕਰੀ ਦੀ ਤਿਆਰੀ ਦੇ ਹੁਨਰ ਵਿਕਸਤ ਕਰਨ ਲਈ ਪ੍ਰੀ-ਐਂਪਲੌਇਮੈਂਟ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ ਜਿਨ੍ਹਾਂ ਨਾਲ ਭਵਿੱਖ ਵਿੱਚ ਸਫਲ ਨੌਕਰੀ ਲੱਗਣ ਵਿੱਚ ਸਹਾਇਤਾ ਮਿਲੇਗੀ। ਇਸ ਕਿਸਮ ਦੀ ਸਹਾਇਤਾ ਦੇ ਹਿੱਸੇ ਵਜੋਂ, ਰਾਜ ਰੀਜਨਲ ਸੈਂਟਰਾਂ ਨੂੰ ਇੱਕ ਤੈਅ ਸਮੇਂ ਲਈ ਇੰਟਰਨਸ਼ਿਪ ਪਲੇਸਮੈਂਟ ਲਈ ਫੰਡਿੰਗ ਪ੍ਰਦਾਨ ਕਰਦਾ ਹੈ। ਇਸ ਪ੍ਰੋਗਰਾਮ ਨੂੰ ਪੇਡ ਇੰਟਰਨਸ਼ਿਪ ਪ੍ਰੋਗਰਾਮ (Paid Internship Program, PIP) ਕਿਹਾ ਜਾਂਦਾ ਹੈ। Alta Connections ਦੇ ਇਸ ਐਡੀਸ਼ਨ ਵਿੱਚ, ਤੁਸੀਂ ਕੈਲੀਫ਼ੋਰਨੀਆ ਸਟੇਟ ਯੂਨੀਵਰਸਿਟੀ ਸੈਕਰਾਮੈਂਟੋ (California State University Sacramento, CSUS) ਨਾਲ ਸਾਡੀ ਸਾਂਝੇਦਾਰੀ ਬਾਰੇ ਹੋਰ ਜਾਣੋਗੇ ਜੋ ਸਰਦੀਆਂ ਦੀ ਤਿਮਾਹੀ ਦੌਰਾਨ ਸ਼ੁਰੂ ਹੋਣ ਦੀ ਉਮੀਦ ਹੈ। ਇਹ ਸਹਿਯੋਗ ਗਾਹਕਾਂ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਸਹਾਇਕ ਇੰਟਰਨਸ਼ਿਪ ਕਰਨ ਅਤੇ ਨੌਕਰੀ ਦੇ ਹੁਨਰ ਸਿੱਖਣ ਦਾ ਮੌਕਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਅਸੀਂ ਆਪਣੇ ਪੂਰੇ ਖੇਤਰ ਵਿੱਚ ਵਧੇਰੇ ਕਿਫਾਇਤੀ ਵਿਕਲਪਾਂ ਦਾ ਲਾਭ ਉਠਾਉਣ ਲਈ ਹਾਊਸਿੰਗ ਡਿਵੈਲਪਮੈਂਟ ਆਰਗੇਨਾਈਜ਼ੇਸ਼ਨਾਂ (Housing Development Organizations, HDO) ਨਾਲ ਸਬੰਧਾਂ ਨੂੰ ਲਗਾਤਾਰ ਵਿਕਸਤ ਕਰ ਰਹੇ ਹਾਂ। ਡੇਵਿਸ, ਕੈਲੀਫ਼ੋਰਨੀਆ ਵਿੱਚ ਰਹਿਣ ਵਾਲੇ ਲੋਕਾਂ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਉਹ ਨਵੰਬਰ ਵਿੱਚ Measure W ਦੇ ਪੱਖ ਵਿੱਚ YES ਦੀ ਵੋਟ ਪਾਉਣ। ਇਹ ਵੋਟ ਵਿਲੇਗ੍ਰੋਵ ਦੇ ਨਵੇਂ ਯੋਜਨਾਬੱਧ ਭਾਈਚਾਰੇ ਦੇ ਅੰਦਰ ਕਿਫਾਇਤੀ ਰਿਹਾਇਸ਼ ਦਾ ਸਮਰਥਨ ਕਰੇਗੀ, ਜੋ ACRC ਕਲਾਇੰਟਾਂ ਲਈ 20 ਵੱਖਰੇ ਅਪਾਰਟਮੈਂਟ ਉਪਲਬਧ ਕਰਾਏਗੀ।

25-26 ਸਤੰਬਰ ਨੂੰ, ਐਸੋਸੀਏਸ਼ਨ ਆਫ਼ ਰੀਜਨਲ ਸੈਂਟਰ ਏਜੰਸੀਜ਼ (Association of Regional Center Agencies, ARCA) ਨੇ ਟੋਰੈਂਸ, ਕੈਲੀਫ਼ੋਰਨੀਆ ਵਿੱਚ ਆਪਣੀ ਸਾਲਾਨਾ ARCA ਅਕੈਡਮੀ ਦੀ ਮੇਜ਼ਬਾਨੀ ਕੀਤੀ ਜਿੱਥੇ ਹਾਰਬਰ ਰੀਜਨਲ ਸੈਂਟਰ (Harbor Regional Center) ਦਾ ਮੁੱਖ ਦਫਤਰ ਹੈ। ARCA ਅਕੈਡਮੀ ਰਾਜ ਭਰ ਦੇ ਹਰੇਕ ਰੀਜਨਲ ਸੈਂਟਰ ਦੇ ਬੋਰਡ ਮੈਂਬਰਾਂ, ਕਾਰਜਕਾਰੀ ਨਿਦੇਸ਼ਕਾਂ ਅਤੇ ਰੀਜਨਲ ਸੈਂਟਰ ਦੇ ਕਾਰਜਕਾਰੀ ਸਟਾਫ ਲਈ ਖੁੱਲ੍ਹੀ ਹੈ। ਇਹ ਇਵੈਂਟ ਬੋਰਡ ਦੇ ਵਿਕਾਸ ਵਿੱਚ ਸਹਿਯੋਗ ਦੇਣ ਵਾਲੇ ਕਈ ਖੇਤਰਾਂ ਵਿੱਚ ਟ੍ਰੇਨਿੰਗ ਪ੍ਰਦਾਨ ਕਰਦਾ ਹੈ। ਇਸ ਵਿੱਚ ਬਹੁਤ ਸਾਰੇ ਲੋਕ ਸ਼ਾਮਲ ਹੋਏ, ਜਿਨ੍ਹਾਂ ਵਿੱਚ ACRC ਦੇ ਤਿੰਨ ਬੋਰਡ ਮੈਂਬਰ ਵੀ ਸ਼ਾਮਲ ਸਨ। ਇਹ ਮੌਕੇ ਬੋਰਡਾਂ ਦੇ ਕੰਮਕਾਜ ਵਿੱਚ ਸਹਿਯੋਗ ਪ੍ਰਦਾਨ ਕਰਦੇ ਹਨ ਅਤੇ ਇਕੱਠੇ ਮਿਲ ਕੇ ਸਿੱਖਣ ਤੇ ਦੂਜੇ ਸੈਂਟਰਾਂ ਦੇ ਬੋਰਡਾਂ ਵਿੱਚ ਸੇਵਾ ਨਿਭਾ ਰਹੇ ਹੋਰ ਬੋਰਡ ਮੈਂਬਰਾਂ ਨਾਲ ਮਿਲਣ ਦਾ ਜ਼ਰੀਆ ਵੀ ਬਣਦੇ ਹਨ। ਸਾਡਾ ਸਾਰਿਆਂ ਦਾ ਸਮਾਂ ਬਹੁਤ ਵਧੀਆ ਬੀਤਿਆ!

ਮੈਂ Lanterman Intake ਦੀਆਂ ਸਮਾਂ-ਸੀਮਾਵਾਂ ਬਾਰੇ ਕੁਝ ਅੱਪਡੇਟ ਸਾਂਝੇ ਕਰਕੇ ਆਪਣੀ ਗੱਲ ਖਤਮ ਕਰਾਂਗੀ। 24 ਸਤੰਬਰ 2026 ਨੂੰ ਸਾਡੀ ਬੋਰਡ ਮੀਟਿੰਗ ਵਿੱਚ, ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋਈ ਕਿ ਮਈ 2026 ਤੱਕ ਜਮ੍ਹਾਂ ਕਰਵਾਈਆਂ ਸਾਰੀਆਂ ਅਰਜ਼ੀਆਂ 'ਤੇ ਕਾਨੂੰਨੀ ਤੌਰ 'ਤੇ ਲੋੜੀਂਦੀ ਸਮਾਂ ਸੀਮਾ ਦੇ ਅੰਦਰ ਕਾਰਵਾਈ ਕੀਤੀ ਜਾ ਰਹੀ ਹੈ। ਸਾਡੇ ਕੋਲ ਉਨ੍ਹਾਂ ਬਿਨੈਕਾਰਾਂ ਦੀ ਇੱਕ ਛੋਟੀ ਜਿਹੀ ਸੂਚੀ ਅਜੇ ਵੀ ਹੈ ਜਿਨ੍ਹਾਂ ਨੂੰ ਵਾਧੂ ਜਾਂਚ ਦੀ ਲੋੜ ਹੈ ਅਤੇ ਉਨ੍ਹਾਂ ਸਾਰਿਆਂ ਲਈ ਸਾਡੇ ਕੰਟਰੈਕਟ ਅਧੀਨ ਮਨੋਵਿਗਿਆਨੀਆਂ ਦੇ ਨਾਲ ਅਪੌਇੰਟਮੈਂਟਾਂ ਤੈਅ ਕਰ ਦਿੱਤੀਆਂ ਗਈਆਂ ਹਨ। ਸਾਡੀ ਕਲੀਨਿਕਲ ਟੀਮ ਮੁਲਾਂਕਣ ਪ੍ਰਾਪਤ ਹੋਣ ਤੋਂ ਬਾਅਦ ਯੋਗਤਾ ਨਿਰਧਾਰਤ ਕਰਨ ਦੀ ਪ੍ਰਕਿਰਿਆ ਨੂੰ ਤੇਜੀ ਨਾਲ ਪੂਰਾ ਕਰਦੀ ਹੈ। ਇਸ ਕੈਟਾਗਰੀ ਵਿੱਚ ਇਸ ਸਮੇਂ ਅਰਜ਼ੀ ਦੇਣ ਵਾਲਿਆਂ ਦੀ ਗਿਣਤੀ 102 ਹੈ। ਅਖੀਰਲੀ ਕੈਟਾਗਰੀ ਵਿੱਚ ਦਾਖਲੇ ਦੀ ਪ੍ਰਕਿਰਿਆ ਦੀਆਂ ਵੱਖ-ਵੱਖ ਸਟੇਜਾਂ 'ਤੇ ਮੌਜੂਦ 134 ਬਿਨੈਕਾਰ ਸ਼ਾਮਲ ਹਨ, ਜਿਨ੍ਹਾਂ ਲਈ ਸਾਡੀ ਟੀਮ ਸਾਰੇ ਲੋੜੀਂਦੇ ਦਸਤਾਵੇਜ਼ ਅਤੇ ਮੁਲਾਂਕਣ ਪ੍ਰਾਪਤ ਕਰਨ ਲਈ ਕੰਮ ਕਰ ਰਹੀ ਹੈ ਤਾਂ ਜੋ ਉਨ੍ਹਾਂ ਦੀ ਯੋਗਤਾ ਦਾ ਫ਼ੈਸਲਾ ਵੀ ਤੇਜ਼ੀ ਨਾਲ ਪੂਰਾ ਕੀਤਾ ਜਾ ਸਕੇ। ਇਹ ਅਨੁਮਾਨ ਲਗਾਇਆ ਗਿਆ ਹੈ ਕਿ ਅਸੀਂ 2026 ਦੇ ਅੰਤ ਤੱਕ ਇਨ੍ਹਾਂ ਬਿਨੈਕਾਰਾਂ ਦੀ ਪ੍ਰਕਿਰਿਆ ਪੂਰੀ ਕਰ ਲਵਾਂਗੇ। ਪਿਛਲੇ ਤਿੰਨ ਸਾਲਾਂ ਵਿੱਚ, ACRC ਵਿੱਚ ਸੇਵਾਵਾਂ ਲੈਣ ਵਾਲੇ ਬਿਨੈਕਾਰਾਂ ਦੀ ਗਿਣਤੀ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ। ਇਹ ਵਾਧਾ ACRC ਤੱਕ ਹੀ ਸੀਮਿਤ ਨਹੀਂ ਹੈ ਸਗੋਂ ਪੂਰੇ ਰਾਜ ਵਿੱਚ ਦੇਖਣ ਨੂੰ ਮਿਲਿਆ ਹੈ। ACRC ਨੇ ਪਿਛਲੇ ਕੁਝ ਸਾਲਾਂ ਵਿੱਚ ਕਈ ਰਣਨੀਤੀਆਂ ਲਾਗੂ ਕੀਤੀਆਂ ਹਨ ਜਿਨ੍ਹਾਂ ਦੇ ਨਿਰੰਤਰ ਵਧਦੇਹੋਏ ਸਾਰਥਕ ਸਿੱਟੇ ਦੇਖਣ ਨੂੰ ਮਿਲ ਰਹੇ ਹਨ। ਜਦੋਂ ਕਿ ਸਾਡੇ ਸਰੋਤ ਨਿਰੰਤਰ ਕੇਸ ਪ੍ਰਬੰਧਨ, ਯੋਗ ਮੰਨੇ ਜਾਣ ਵਾਲੇ ਗਾਹਕਾਂ ਦੀ ਵਧਦੀ ਗਿਣਤੀ ਵਿੱਚ ਸਹਿਯੋਗ ਦੇਣ ਲਈ ਸੇਵਾ ਕੋਆਰਡੀਨੇਟਰਾਂ ਦੀ ਨਿਯੁਕਤੀ, ਅਤੇ ਇਨਟੇਕ ਮਾਹਿਰਾਂ ਵਿਚਕਾਰ ਸੰਤੁਲਿਤ ਰਹਿੰਦੇ ਹਨ, ਸਾਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਸਮੇਂ ਦੇ ਨਾਲ ਲਾਗੂ ਕੀਤੀਆਂ ਗਈਆਂ ਸਾਰੀਆਂ ਰਣਨੀਤੀਆਂ ਸਮਾਂ-ਸੀਮਾਵਾਂ ਦਾ ਪਾਲਣ ਕਰਨ ਅਤੇ ਸੇਵਾਵਾਂ ਲੈਣ ਵਾਲੇ ਲੋਕਾਂ ਨੂੰ ਸਹਿਯੋਗ ਦੇਣ ਵਿੱਚ ਮਦਦਗਾਰ ਸਾਬਤ ਹੋ ਰਹੀਆਂ ਹਨ। ਇਹਨਾਂ ਨਵੇਂ ਅਤੇ ਅਣਕਿਆਸੇ ਹਾਲਾਤ ਦਾ ਸਾਹਮਣਾ ਕਰਦੇ ਹੋਏ ਸਬਰ ਰੱਖਣ ਲਈ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ।

ਤੁਹਾਨੂੰ ਪਤਝੜ ਦੇ ਬਹੁਤ ਵਧੀਆ ਅਤੇ ਸੁਹਾਵਣੇ ਮੌਸਮ ਲਈ ਸ਼ੁਭਕਾਮਨਾਵਾਂ!

# ARCA ਅਕੈਡਮੀ






## ACRC ਨੇ ਦੂਜਾ ਸਾਲਾਨਾ ਐਮਰਜੈਂਸੀ ਰਿਸੋਰਸ ਫੇਅਰ ਆਯੋਜਿਤ ਕੀਤਾ

ACRC ਲਈ ਮਾਣ ਦੀ ਗੱਲ ਹੈ ਕਿ ਇਸਨੇ ਰਾਸ਼ਟਰੀ ਤਿਆਰੀ ਮਹੀਨੇ (National Preparedness Month) ਦੀ ਮਾਨਤਾ ਵਿੱਚ ਸਾਡੇ ਦੂਜੇ ਸਾਲਾਨਾ ਐਮਰਜੈਂਸੀ ਰਿਸੋਰਸ ਫੇਅਰ ਦੀ ਮੇਜ਼ਬਾਨੀ ਕੀਤੀ। ਇਸ ਇਵੈਂਟ ਨੇ ਵੈਂਡਰਾਂ, ਭਾਈਚਾਰਕ ਪਾਰਟਨਰਾਂ, ਅਪਾਹਜਤਾ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਐਮਰਜੈਂਸੀ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਉਪਲਬਧ ਮਹੱਤਵਪੂਰਨ ਸਰੋਤਾਂ ਅਤੇ ਸੁਵਿਧਾਵਾਂ ਬਾਰੇ ਜਾਣਨ ਲਈ ਇਕੱਠਾ ਕੀਤਾ। ਹਾਜ਼ਰੀਨ ਨੂੰ ਸੰਗਠਨਾਂ ਨਾਲ ਜੁੜਨ, ਤਿਆਰੀ ਦੀ ਜਾਣਕਾਰੀ ਇਕੱਠੀ ਕਰਨ ਅਤੇ ਆਪਣੀ ਐਮਰਜੈਂਸੀ ਯੋਜਨਾ ਬਣਾਉਣ ਦੇ ਯਤਨਾਂ ਨੂੰ ਮਜ਼ਬੂਤ ਬਣਾਉਣ ਦਾ ਮੌਕਾ ਮਿਲਿਆ।

ਅਸੀਂ ਭਾਗ ਲੈਣ ਵਾਲੇ ਹਰ ਵਿਅਕਤੀ ਦੇ ਧੰਨਵਾਦੀ ਹਾਂ, ਜਿਸ ਵਿੱਚ ਸਾਡਾ ਮਿਹਨਤੀ ਸਟਾਫ਼, ਭਾਈਚਾਰਕ ਪਾਰਟਨਰ ਅਤੇ ਵੈਂਡਰ ਸ਼ਾਮਲ ਹਨ ਜਿਨ੍ਹਾਂ ਨੇ ਇਸ ਇਵੈਂਟ ਨੂੰ ਸਫਲ ਬਣਾਉਣ ਵਿੱਚ ਮਦਦ ਕੀਤੀ। ਐਮਰਜੈਂਸੀ ਤਿਆਰੀ ਦੇ ਸਮਰਥਨ ਵਿੱਚ ਲੋਕਾਂ ਦੇ ਇੰਨੇ ਵੱਡੇ ਇਕੱਠ ਨੂੰ ਦੇਖਣਾ, ਸਾਡੇ ਦੁਆਰਾ ਸੇਵਾ-ਪ੍ਰਾਪਤ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣਕਾਰੀ ਭਰਪੂਰ, ਸੰਪਰਕ ਵਿੱਚ ਅਤੇ ਮਜ਼ਬੂਤ ਬਣਾ ਕੇ ਰੱਖਣ ਦੀ ਸਾਡੀ ਵਚਨਬੱਧਤਾ ਨੂੰ ਹੋਰ ਵੀ ਪੱਕਾ ਕਰਦਾ ਹੈ।















# ACRC ਅਰਲੀ ਸਟਾਰਟ ਰਾਊਂਡਟੇਬਲ

ਫਿਊਚਰ ਫਿਲਮਜ਼ ਦੁਆਰਾ ਨਿਰਮਿਤ, ਇਸ ਵੀਡੀਓ ਵਿੱਚ ਅਸਲ ਅਨੁਭਵ ਪੇਸ਼ ਕੀਤੇ ਗਏ ਹਨ ਜੋ ਦਰਸਾਉਂਦੇ ਹਨ ਕਿ ਕਿਵੇਂ ਅਰਲੀ ਸਟਾਰਟ ਬੱਚਿਆਂ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ ਅਤੇ ਨਾਲ ਹੀ ਪਰਿਵਾਰਾਂ ਨੂੰ ਹਰ ਕਦਮ 'ਤੇ ਸਮਰੱਥ ਬਣਾਉਂਦਾ ਹੈ। ਇਹ ਵੀਡੀਓ ਪਰਿਵਾਰਾਂ ਅਤੇ ਉਨ੍ਹਾਂ ਦੇ ਸੇਵਾ ਕੋਆਰਡੀਨੇਟਰਾਂ ਵਿਚਕਾਰ ਮਜ਼ਬੂਤ ਸਾਂਝੇਦਾਰੀ ਉਜਾਗਰ ਕਰਦੀ ਹੈ। ਹਮਦਰਦੀ ਭਰੇ ਮਾਰਗਦਰਸ਼ਨ, ਲੋੜ ਅਨੁਸਾਰ ਵਿਅਕਤੀਗਤ ਸਰੋਤਾਂ ਅਤੇ ਮਜ਼ਬੂਤ ਸਬੰਧਾਂ ਰਾਹੀਂ, ਸੇਵਾ ਕੋਆਰਡੀਨੇਟਰ ਪਰਿਵਾਰਾਂ ਨੂੰ ਉਨ੍ਹਾਂ ਸੇਵਾਵਾਂ ਨਾਲ ਜੋੜਨ ਵਿੱਚ ਮਦਦ ਕਰਦੇ ਹਨ ਜੋ ਉਹਨਾਂ ਦੇ ਵਧਣ-ਫੁੱਲਣ ਲਈ ਜ਼ਰੂਰੀ ਹਨ। ਇਹ ਪ੍ਰੇਰਨਾਦਾਇਕ ਵੀਡੀਓ ਅਰਲੀ ਸਟਾਰਟ ਦੇ ਸਕਾਰਾਤਮਕ ਪ੍ਰਭਾਵ ਅਤੇ ਸਹਿਯੋਗੀ ਯਤਨਾਂ ਦੀ ਪ੍ਰਸ਼ੰਸਾ ਕਰਦੀ ਹੈ ਜੋ ਛੋਟੇ ਬੱਚਿਆਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਮਦਦ ਕਰਦੇ ਹਨ।




**ਅਰਲੀ ਸਟਾਰਟ ਰਾਊਂਡਟੇਬਲ ACRC (ਜੂਨ 2026)**

## ਨੋਟਿਸ: ਇੱਕ ਦਸਤਖ਼ਤ ਕੀਤੇ ਗਏ ਵਿਅਕਤੀਗਤ ਪ੍ਰੋਗਰਾਮ ਯੋਜਨਾ ਦੀ ਮਹੱਤਤਾ

ਕਾਨੂੰਨ ਅਨੁਸਾਰ ACRC ਨੂੰ ਸੇਵਾਵਾਂ ਅਤੇ ਸਹਾਇਤਾ ਲਾਗੂ ਕਰਨ ਤੋਂ ਪਹਿਲਾਂ ਇੱਕ ਦਸਤਖ਼ਤ ਕੀਤੇ ਵਿਅਕਤੀਗਤ ਪ੍ਰੋਗਰਾਮ ਯੋਜਨਾ (IPP) ਦੀ ਲੋੜ ਹੁੰਦੀ ਹੈ। IPP ਇੱਕ ਆਪਸੀ ਸਹਿਯੋਗ ਨਾਲ ਤਿਆਰ ਕੀਤਾ ਜਾਣ ਵਾਲਾ ਦਸਤਾਵੇਜ਼ ਹੈ ਜੋ ਤੁਹਾਡੇ ਅਤੇ ਤੁਹਾਡੀ ਪਲਾਨਿੰਗ ਟੀਮ ਦੁਆਰਾ ਨਿਰਧਾਰਤ ਕੀਤੇ ਗਏ ਟੀਚਿਆਂ, ਸੇਵਾਵਾਂ ਅਤੇ ਸਹਾਇਤਾ ਦਾ ਵੇਰਵਾ ਦਿੰਦਾ ਹੈ।



ਵੈਲਫੇਅਰ ਐਂਡ ਇੰਸਟੀਚਿਊਸ਼ਨਜ਼ ਕੋਡ 4646(g) ਦੇ ਅਨੁਸਾਰ, ACRC ਉਦੋਂ ਤੱਕ ਸੇਵਾਵਾਂ ਨੂੰ ਮਨਜ਼ੂਰੀ ਨਹੀਂ ਦੇ ਸਕਦਾ ਜਾਂ ਪ੍ਰਦਾਨ ਨਹੀਂ ਕਰ ਸਕਦਾ ਜਦੋਂ ਤੱਕ IPP 'ਤੇ ਦਸਤਖਤ ਨਹੀਂ ਹੋ ਜਾਂਦੇ। ਇਹ ਪ੍ਰਕਿਰਿਆ ਇਹ ਯਕੀਨੀ ਬਣਾਉਂਦੀ ਹੈ ਕਿ ਪਲਾਨਿੰਗ ਦੇ ਕੰਮ ਵਿੱਚ ਤੁਹਾਡੀ ਪੂਰੀ ਭਾਗੀਦਾਰੀ ਹੋਵੇ ਅਤੇ ਸੇਵਾਵਾਂ ਤੁਹਾਡੀਆਂ ਚੋਣਾਂ ਅਤੇ ਜ਼ਰੂਰਤਾਂ ਅਨੁਸਾਰ ਪ੍ਰਦਾਨ ਕੀਤੀਆਂ ਜਾਣ। ਅਸੀਂ ਸਾਰੇ ਕਲਾਇੰਟਾਂ ਅਤੇ ਪਰਿਵਾਰਾਂ ਨੂੰ ਆਪਣੇ IPP ਦੀ ਫੌਰਨ ਸਮੀਖਿਆ ਕਰਨ ਅਤੇ ਉਸ 'ਤੇ ਦਸਤਖਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਤਾਂ ਜੋ ਸੇਵਾਵਾਂ ਬਿਨਾਂ ਦੇਰੀ ਦੇ ਸ਼ੁਰੂ ਹੋ ਸਕਣ।

# ਜੁਲਾਈ 2026 ਮਹੀਨੇ ਦੇ ਸਰਵੋਤਮ ਕਰਮਚਾਰੀ JONATHON HORBALY



ACRC ਦੇ IT ਹੈਲਪ ਡੈਸਕ ਟੈਕਨੀਸ਼ੀਅਨ, Jonathon Horbaly, ਲਗਾਤਾਰ ਸਾਡੇ ਸੰਗਠਨ ਦੀਆਂ ਕਦਰਾਂ-ਕੀਮਤਾਂ, ਤਕਨੀਕੀ ਮੁਹਾਰਤ, ਸਕਾਰਾਤਮਕ ਰਵੱਈਏ, ਅਤੇ ਪੇਸ਼ੇਵਰਤਾ ਅਤੇ ਅਪਣੱਤ ਦੇ ਨਾਲ ਸਟਾਫ ਦੀ ਸੇਵਾ ਕਰਨ ਲਈ ਇੱਕ ਅਟੁੱਟ ਵਚਨਬੱਧਤਾ ਦੀ ਮਿਸਾਲ ਪੇਸ਼ ਕਰਦੇ ਆ ਰਹੇ ਹਨ।

Jonathon 2024 ਦੇ ਅਖੀਰ ਵਿੱਚ ਸੈਕਰਾਮੈਂਟੋ ਦਫ਼ਤਰ ਦੀ ਸ਼ਿਫਟਿੰਗ ਦੇ ਦੌਰਾਨ ACRC IT ਟੀਮ ਵਿੱਚ ਸ਼ਾਮਲ ਹੋਏ ਸਨ ਅਤੇ ਉਹ ਨਾ ਸਿਰਫ਼ ਸਾਡੇ ਸਿਸਟਮਾਂ ਨੂੰ ਸਮਝ ਰਹੇ ਸਨ, ਬਲਕਿ ਉਨ੍ਹਾਂ ਸਿਸਟਮਾਂ ਨੂੰ ਨਵੀਂ ਇਮਾਰਤ ਵਿੱਚ ਲਿਜਾਣ ਅਤੇ ਸਟਾਫ਼ ਲਈ ਸੈਂਕੜੇ ਵਰਕਸਟੇਸ਼ਨ ਤਿਆਰ ਕਰਨ ਦੀਆਂ ਸਾਰੀਆਂ ਤਿਆਰੀਆਂ ਵਿੱਚ ਵੀ ਟੀਮ ਦੀ ਸਹਾਇਤਾ ਕਰ ਰਹੇ ਸਨ, ਜੋ ਕਿ ਕੋਈ ਛੋਟਾ ਕੰਮ ਨਹੀਂ ਸੀ।

ਹਰ ਰੋਜ਼, ਬਿਨਾਂ ਕਿਸੇ ਨਾਗੇ ਦੇ, Jonathon ਹੈਲਪ ਡੈਸਕ 'ਤੇ ਇੱਕ ਸਕਾਰਾਤਮਕ ਅਤੇ ਜੋਸ਼ ਭਰੀ ਊਰਜਾ ਲੈ ਕੇ ਆਉਂਦੇ ਹਨ। ਭਾਵੇਂ ਇਹ ਸਵੇਰ ਦੀ ਪਹਿਲੀ ਕਾਲ ਹੋਵੇ ਜਾਂ ਦਿਨ ਦੇ ਅੰਤ ਵਿੱਚ ਬਿਲਕੁਲ ਆਖਰੀ ਸਮੇਂ ਆਈ ਕੋਈ ਸਮੱਸਿਆ ਹੋਵੇ, ਉਹ ਹਮੇਸ਼ਾ ਸਟਾਫ਼ ਮੈਂਬਰਾਂ ਦਾ ਬੜੇ ਸਬਰ, ਦੋਸਤਾਨਾ ਲਹਿਜੇ ਅਤੇ ਮਦਦ ਕਰਨ ਦੀ ਸੱਚੀ ਭਾਵਨਾ ਨਾਲ ਸਵਾਗਤ ਕਰਦੇ ਹਨ। ਇਹ ਸਕਾਰਾਤਮਕ ਰਵੱਈਆ ਸਿਰਫ਼ ਮਹਿਸੂਸ ਹੀ ਨਹੀਂ ਹੁੰਦਾ; ਸਗੋਂ ਇਹ ਸਾਡੀ ਪੂਰੀ ਸੰਸਥਾ ਲਈ ਹੈਲਪ ਡੈਸਕ ਨਾਲ ਅਨੁਭਵ ਦਾ ਇੱਕ ਅਹਿਮ ਅਧਾਰ ਬਣ ਗਿਆ ਹੈ।

Jonathon, IT ਵਿਭਾਗ ਦਾ ਮੁੱਖ ਚਿਹਰਾ ਹਨ ਅਤੇ ਉਨ੍ਹਾਂ ਨੇ ਆਲਟਾ ਵਿੱਚ ਆਪਣੇ ਸਮੇਂ ਦੌਰਾਨ ਹੈਲਪ ਡੈਸਕ ਦੇ ਅਨੁਭਵ ਨੂੰ ਬਹੁਤ ਹੀ ਸਕਾਰਾਤਮਕ ਅਤੇ ਉਨ੍ਹਾਂ ਸਾਰਿਆਂ ਲਈ ਮਦਦਗਾਰ ਬਣਾਇਆ ਹੈ ਜਿਨ੍ਹਾਂ ਨੂੰ IT ਸਹਾਇਤਾ ਦੀ ਲੋੜ ਹੈ। ਉਹ ਬਹੁਤ ਹੀ ਅਸਾਨ ਅਤੇ ਸਮਝ ਆਉਣ ਵਾਲੇ ਤਰੀਕੇ ਨਾਲ ਹਦਾਇਤਾਂ ਦਿੰਦੇ ਹਨ।



# ਅਗਸਤ 2026 ਮਹੀਨੇ ਦੇ ਸਰਵੋਤਮ ਕਰਮਚਾਰੀ NATHAN DUONG

Nathan Duong ਲਗਾਤਾਰ ਆਪਣੀ ਭੂਮਿਕਾ ਵਿੱਚ ਬੇਮਿਸਾਲ ਸਮਰਪਣ, ਭਰੋਸੇਯੋਗਤਾ ਅਤੇ ਗਾਹਕ ਸੇਵਾ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਅਜਿਹੀਆਂ ਬਹੁਤ ਸਾਰੀਆਂ ਜ਼ਰੂਰੀ ਜ਼ਿੰਮੇਵਾਰੀਆਂ ਵਿੱਚ ਤਾਲਮੇਲ ਕਰਦੇ ਹਨ ਜੋ ਸਾਡੇ ਗਾਹਕਾਂ, ਪ੍ਰੋਵਾਈਡਰਾਂ ਅਤੇ ਸਟਾਫ਼ ਦੀ ਸਿੱਧੀ ਮਦਦ ਕਰਦੀਆਂ ਹਨ। ਉਹ SSP ਖਰੀਦਦਾਰੀਆਂ ਦੀ ਪ੍ਰਕਿਰਿਆ ਦੀ ਦੇਖਰੇਖ ਕਰਦੇ ਹਨ, ਜਦੋਂ ਕਿ ਸਰਵਿਸ ਕੋਆਰਡੀਨੇਟਰਾਂ ਨਾਲ ਵੀ ਨੇੜਲਾ ਸੰਪਰਕ ਰੱਖਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਭੁਗਤਾਨ ਦੀਆਂ ਪ੍ਰਕਿਰਿਆਵਾਂ ਅਤੇ ਸਮਾਂ-ਸੀਮਾਵਾਂ ਨੂੰ ਸਮਝਦੇ ਹਨ। Nathan ਸਾਡੀਆਂ ਚੈੱਕ ਰਨ ਦੀਆਂ ਪ੍ਰਕਿਰਿਆਵਾਂ ਵਿੱਚ ਵੀ ਮੁੱਖ ਭੂਮਿਕਾ ਨਿਭਾਉਂਦੇ ਹਨ, ਅਤੇ ਹਰ ਸਾਈਕਲ 'ਤੇ ਬਰੀਕੀ ਨਾਲ ਨਜ਼ਰ ਰੱਖਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭੁਗਤਾਨਾਂ ਦੀ ਪ੍ਰਕਿਰਿਆ ਸਹੀ ਅਤੇ ਕਾਰਗਰ ਤਰੀਕੇ ਨਾਲ ਪੂਰੀ ਕੀਤੀ ਜਾਂਦੀ ਹੈ।

ਉਹ ਆਪਣੇ POS ਅਸਾਈਨਮੈਂਟ ਲਈ ਸ਼ਾਨਦਾਰ ਸਹਿਯੋਗ ਪ੍ਰਦਾਨ ਕਰਦੇ ਹਨ, ਜਿਸ ਵਿੱਚ ਅਡਲਟ ਕੇਅਰ, ਅਡਲਟ ਵਰਕ ਪ੍ਰੋਗਰਾਮ, ਰਿਹਾਇਸ਼ੀ, ਮਨੀ ਮੈਨੇਜਮੈਂਟ (ਪੈਸੇ ਦਾ ਪ੍ਰਬੰਧਨ), SEP, ਅਤੇ WAP ਸੇਵਾਵਾਂ ਸ਼ਾਮਲ ਹਨ। ਉਹ ਲਗਾਤਾਰ ਸਾਰੀਆਂ ਬੇਨਤੀਆਂ 'ਤੇ ਤੁਰੰਤ ਕਾਰਵਾਈ ਕਰਦੇ ਹਨ ਤਾਂ ਜੋ ਸੇਵਾਵਾਂ ਵਿੱਚ ਕੋਈ ਦੇਰੀ ਨਾ ਹੋਵੇ ਅਤੇ ਪ੍ਰੋਵਾਈਡਰ ਸਹੀ ਢੰਗ ਨਾਲ ਬਿੱਲ ਕਰ ਸਕਣ।

Nathan SSI ਨਾਲ ਜੁੜੇ ਸਵਾਲਾਂ ਲਈ ਇੱਕ ਮਹੱਤਵਪੂਰਨ ਸੰਪਰਕ ਵਜੋਂ ਵੀ ਕੰਮ ਕਰਦੇ ਹਨ, ਅਤੇ ਮਸਲਿਆਂ ਨੂੰ ਕੁਸ਼ਲਤਾ ਨਾਲ ਹੱਲ ਕਰਨ ਵਿੱਚ ਮਦਦ ਕਰਨ ਲਈ ਕੇਸ ਮੈਨੇਜਮੈਂਟ ਅਤੇ ਸਾਡੇ ਸੋਸ਼ਲ ਸਕਿਓਰਿਟੀ ਸੰਪਰਕ ਵਿਚਕਾਰ ਗੱਲਬਾਤ ਦਾ ਤਾਲਮੇਲ ਕਰਦੇ ਹਨ। ਬਰੀਕੀਆਂ ਵੱਲ ਉਨ੍ਹਾਂ ਦਾ ਧਿਆਨ, ਤੁਰੰਤ ਮਦਦ ਲਈ ਤਿਆਰ ਰਹਿਣਾ, ਅਤੇ ਸ਼ਾਨਦਾਰ ਸੇਵਾ ਪ੍ਰਦਾਨ ਕਰਨ ਪ੍ਰਤੀ ਵਚਨਬੱਧਤਾ ਉਨ੍ਹਾਂ ਨੂੰ ਅਕਾਊਂਟਿੰਗ ਟੀਮ ਦਾ ਇੱਕ ਅਨਮੋਲ ਮੈਂਬਰ ਅਤੇ ਮਹੀਨੇ ਦੇ ਸਰਵੋਤਮ ਕਰਮਚਾਰੀ (Employee of the Month) ਦੇ ਸਨਮਾਨ ਦਾ ਇੱਕ ਯੋਗ ਹੱਕਦਾਰ ਬਣਾਉਂਦੇ ਹਨ।



## ਸਤੰਬਰ 2026 ਮਹੀਨੇ ਦੇ ਸਰਵੋਤਮ ਕਰਮਚਾਰੀ RHONDA DAVENPORT

Rhonda Davenport 11 ਸਾਲਾਂ ਤੋਂ ACRC ਦੇ ਇੱਕ ਬਿਹਤਰੀਨ ਸਟਾਫ ਮੈਂਬਰ ਹਨ। ਉਹ ਅਪ੍ਰੈਲ 2015 ਵਿੱਚ ਰੈਜ਼ੀਡੈਂਸ਼ੀਅਲ 1 ਲਈ ਸਰਵਿਸ ਕੋਆਰਡੀਨੇਟਰ ਵਜੋਂ ACRC ਨਾਲ ਜੁੜੇ ਸਨ। ਨਵੰਬਰ 2016 ਵਿੱਚ, Rhonda ਨੇ ਸਪੋਰਟਿਡ ਲਿਵਿੰਗ ਸਰਵਿਸਿਜ਼ (SLS) ਯੂਨਿਟ ਵਿੱਚ ਸਾਡੇ ਗਾਹਕਾਂ ਦੀ ਸਹਾਇਤਾ ਕਰਨ ਦੀ ਚੁਣੌਤੀ ਨੂੰ ਸਵੀਕਾਰ ਕੀਤਾ।

ਸੇਵਾਵਾਂ ਬਾਰੇ ਉਨ੍ਹਾਂ ਦੇ ਡੂੰਘੇ ਗਿਆਨ, ਬਰੀਕੀਆਂ ’ਤੇ ਧਿਆਨ ਦੇਣ ਵਾਲੇ ਵਿਵਹਾਰ, ਅਤੇ ਸ਼ਾਨਦਾਰ ਸੰਗਠਨਾਤਮਕ ਹੁਨਰਾਂ ਨੇ ਉਨ੍ਹਾਂ ਨੂੰ ਇੱਕ ਸਰਵਿਸ ਕੋਆਰਡੀਨੇਟਰ ਵਜੋਂ ਕਾਮਯਾਬ ਹੋਣ ਵਿੱਚ ਮਦਦ ਕੀਤੀ। Rhonda ਨੇ ਸਾਡੇ ਦੁਆਰਾ ਸੇਵਾ ਪ੍ਰਾਪਤ ਗਾਹਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਰਵਿਸ ਕੋਆਰਡੀਨੇਟਰ ਤੋਂ ਕੁਆਲੀਫਾਈਡ ਇੰਟਲੈਕਚੁਅਲ ਡਿਸਏਬਿਲਿਟੀ ਪ੍ਰੋਫੈਸ਼ਨਲ (QIDP) ਬਣਨ ਤੱਕ, Rhonda ਅਕਤੂਬਰ 2021 ਵਿੱਚ ਫੈਡਰਲ ਪ੍ਰੋਗਰਾਮਜ਼ ਵਿਭਾਗ ਵਿੱਚ ਸ਼ਾਮਲ ਹੋਏ। ਇੱਕ QIDP ਦੇ ਤੌਰ 'ਤੇ, Rhonda ਨੇ ਵੇਵਰ ਵਿੱਚ ਭਾਗੀਦਾਰੀ ਨੂੰ ਵੱਧ ਤੋਂ ਵੱਧ ਕਰਨ ਅਤੇ ਆਪਣੇ ਸਾਥੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਆਪਣੇ ਵਿਸ਼ਾਲ ਗਿਆਨ ਅਤੇ ਬੇਮਿਸਾਲ ਹੁਨਰਾਂ ਨੂੰ ਵਰਤਣਾ ਜਾਰੀ ਰੱਖਿਆ। ਰੀਜਨਲ ਸੈਂਟਰ ਪ੍ਰਤੀ ਉਨ੍ਹਾਂ ਦੀ ਲਗਨ ਅਤੇ ਕੰਮ ਪ੍ਰਤੀ ਉੱਚ ਦਰਜੇ ਦੀ ਨੈਤਿਕਤਾ ਕਰਕੇ ਉਨ੍ਹਾਂ ਨੂੰ ਲੀਡ QIDP ਦਾ ਅਹੁਦਾ ਪ੍ਰਾਪਤ ਹੋਇਆ। ਲੀਡ QIDP ਦੇ ਤੌਰ 'ਤੇ, Rhonda ਨੂੰ ਆਪਣੀ ਕਾਬਲੀਅਤ ਦਿਖਾਉਣ ਲਈ ਸਹੀ ਜਗ੍ਹਾ ਮਿਲ ਗਈ ਹੈ। Rhonda ਸਾਰੇ ਸਰਵਿਸ ਕੋਆਰਡੀਨੇਟਰਾਂ ਅਤੇ QIDPs ਨੂੰ ਸ਼ਾਨਦਾਰ ਸਹਾਇਤਾ ਪ੍ਰਦਾਨ ਕਰਦੇ ਹਨ। ਉਹ ਹਰ ਰੋਜ਼ ਜਿਸ ਸੱਚੇ ਦਿਲ ਅਤੇ ਲਗਨ ਨਾਲ ਆਪਣਾ ਕੰਮ ਕਰਦੇ ਹਨ, ਇਸਦੇ ਲਈ ਉਹ ਤਾਰੀਫ਼ ਦੇ ਕਾਬਲ ਹਨ।




## ANTHONY SCHMITBAUER ਨੇ WALGREENS ਵਿਖੇ ਆਪਣੀ ਨੌਕਰੀ ਦੀ ਪੰਜ ਸਾਲਾ ਵਰ੍ਹੇਗੰਢ ਮਨਾਈ

Yuba City ਵਿੱਚ Walgreens ਨਾਲ ਤੁਹਾਡੀ ਨੌਕਰੀ ਦੀ ਪੰਜ ਸਾਲਾ ਵਰ੍ਹੇਗੰਢ ਦੀਆਂ ਵਧਾਈਆਂ! Anthony, Walgreens ਵਿਖੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਲਗਾਤਾਰ ਪੂਰੀ ਲਗਨ ਅਤੇ ਪੇਸ਼ੇਵਰਤਾ ਦੀ ਮਿਸਾਲ ਪੇਸ਼ ਕਰਦੇ ਹਨ। Anthony InAlliance ਵਿਖੇ ਆਪਣੀ ਜੌਬ ਕੋਚਿੰਗ ਟੀਮ ਤੋਂ ਮਿਲੀ ਸੇਧ ਦੇ ਧੰਨਵਾਦੀ ਹਨ। ਉਹ ਸਖਤ ਮਿਹਨਤ, ਦ੍ਰਿੜ੍ਹ ਇਰਾਦੇ ਅਤੇ ਕਿਸੇ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਦੀ ਯੋਗਤਾ ਦੀ ਇੱਕ ਉਦਾਹਰਣ ਹਨ। Anthony ਇੱਕ ਸਕਾਰਾਤਮਕ ਰਵੱਈਏ, ਹਾਸੇ-ਮਜ਼ਾਕ ਅਤੇ ਬੁੱਧੀ ਦੇ ਮਾਲਕ ਹਨ ਜੋ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ 'ਤੇ ਸਕਾਰਾਤਮਕ ਪ੍ਰਭਾਵ ਪਾਉਂਦੇ ਹਨ। ਸ਼ਾਬਾਸ਼, Anthony, ਤੁਹਾਡੀ ਇਸ ਪ੍ਰਾਪਤੀ ‘ਤੇ ਬਹੁਤ-ਬਹੁਤ ਮੁਬਾਰਕਾਂ! ਅਸੀਂ ਸਫਲਤਾ ਦੇ ਇਸ ਜਸ਼ਨ ਵਿੱਚ ਤੁਹਾਡੇ ਨਾਲ ਹਾਂ!!

# ਸਮਾਰਟ ਗਲਾਸਿਜ਼ ਸਪੋਰਟਿਡ ਐਂਪਲੌਇਮੈਂਟ ਪਾਇਲਟ ਪ੍ਰੋਜੈਕਟ ਦਾ ਵਿਸਤਾਰ

ACRC ਨੇ ਆਪਣੇ ਸਮਾਰਟ ਗਲਾਸਿਜ਼ ਸਪੋਰਟਿਡ ਐਂਪਲੌਇਮੈਂਟ ਪਾਇਲਟ ਦਾ ਪਹਿਲਾ ਪੜਾਅ ਪੂਰਾ ਕਰ ਲਿਆ ਹੈ, ਜਿਸ ਵਿੱਚ ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਲੋਕਾਂ ਲਈ ਰੁਜ਼ਗਾਰ ਸਹਾਇਤਾ ਵਜੋਂ Ray-Ban Meta AI ਸਮਾਰਟ ਗਲਾਸਿਜ਼ ਦੀ ਵਰਤੋਂ ਦੀ ਜਾਂਚ ਕੀਤੀ ਗਈ ਸੀ।

ਜਨਵਰੀ ਤੋਂ ਜੂਨ 2026 ਤੱਕ, ਭਾਗੀਦਾਰਾਂ ਨੇ Odyssey Learning Center ਦੇ ਸਹਿਯੋਗ ਨਾਲ ਨੌਕਰੀ ਦੇ ਮਾਹੌਲ ਵਿੱਚ ਇਨ੍ਹਾਂ ਐਨਕਾਂ ਦੀ ਵਰਤੋਂ ਕੀਤੀ। ਇਸ ਦੀ ਆਮ ਵਰਤੋਂ ਵਿੱਚ ਰਿਮਾਈਂਡਰ ਅਤੇ ਟਾਈਮਰ ਲਗਾਉਣ, ਵੌਇਸ ਅਸਿਸਟੈਂਟ ਫੰਕਸ਼ਨ, ਫੋਟੋਆਂ ਅਤੇ ਵੀਡੀਓ ਬਣਾਉਣਾ, ਆਪਣੇ ਕੰਮ ਨੂੰ ਵਿਵਸਥਿਤ ਕਰਨਾ, ਕੰਮ ਦੇ ਸਟੈੱਪ ਯਾਦ ਰੱਖਣਾ, ਗੱਲਬਾਤ ਕਰਨ ਵਿੱਚ ਸਹਾਇਤਾ, ਨੈਵੀਗੇਸ਼ਨ ਅਤੇ ਵਰਕਪਲੇਸ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਨਾ ਸ਼ਾਮਲ ਸੀ।

ਇਸ ਪਾਇਲਟ ਪ੍ਰੋਜੈਕਟ ਤੋਂ ਪਤਾ ਲੱਗਿਆ ਕਿ ਭਾਗੀਦਾਰ ਇਸ ਤਕਨਾਲੋਜੀ ਦੀ ਵਰਤੋਂ ਸਹੀ ਢੰਗ ਨਾਲ ਅਤੇ, ਬਹੁਤ ਸਾਰੇ ਮੌਕਿਆਂ 'ਤੇ ਇਸ ਨੂੰ ਆਪਣੇ ਆਪ ਕਰਨਾ ਸਿੱਖ ਸਕਦੇ ਹਨ। ਸਟਾਫ਼ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਐਨਕਾਂ ਨੂੰ ਵਰਕਪਲੇਸ ਦੀ ਸੁਰੱਖਿਆ ਅਤੇ ਨਿੱਜਤਾ ਸਬੰਧੀ ਮਾਪਦੰਡਾਂ ਦੇ ਅਨੁਸਾਰ ਵਰਤਿਆ ਜਾ ਸਕਦਾ ਹੈ। ਚੁਣੌਤੀਆਂ ਵਿੱਚ ਆਰਾਮ ਅਤੇ ਫਿਟਿੰਗ, ਵੌਇਸ ਰਿਕੋਗਨਿਸ਼ਨ, ਬੈਟਰੀ ਪਰਫਾਰਮੈਂਸ, AI ਭਰੋਸੇਯੋਗਤਾ, ਅਤੇ ਟ੍ਰੇਨਿੰਗ ਦੀ ਜ਼ਰੂਰਤ ਸ਼ਾਮਲ ਸਨ।

ACRC ਇਸ ਪਤਝੜ ਦੇ ਮੌਸਮ ਵਿੱਚ ਲਗਭਗ 50 ਭਾਗੀਦਾਰਾਂ ਨਾਲ ਪੜਾਅ II ਸ਼ੁਰੂ ਕਰੇਗਾ। ਇਸ ਵਿਸਤਰਿਤ ਪਾਇਲਟ ਪ੍ਰੋਜੈਕਟ ਵਿੱਚ ਵੱਖ-ਵੱਖ Meta ਫਰੇਮ ਸਟਾਈਲਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਇਹ ਨਿਰਧਾਰਤ ਕੀਤਾ ਜਾਵੇਗਾ ਕਿ ਕੀ ਸਮਾਰਟ ਗਲਾਸਿਜ਼ ਨੂੰ ਇੱਕ ਸਕੇਲੇਬਲ ਰੁਜ਼ਗਾਰ ਸਹਾਇਤਾ ਮਾਡਲ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਜੋ ਵਧੇਰੇ ਆਤਮ-ਨਿਰਭਰਤਾ ਅਤੇ ਵਿਅਕਤੀਗਤ ਜੌਬ ਕੋਚਿੰਗ ਤੱਕ ਪਹੁੰਚ ਨੂੰ ਵਧਾਉਂਦਾ ਹੈ।





# CSS ਡਾਇਰੈਕਟਰ JOHN DECKER ਵੱਲੋਂ META ਵਿਅਰੇਬਲਜ਼ ਸਮਿਟ ਵਿਖੇ ਪੇਸ਼ਕਾਰੀ




ਜੁਲਾਈ 2026 ਵਿੱਚ, Meta ਨੇ John Decker ਨੂੰ ਆਪਣੇ ਕਮਿਊਨਿਟੀ ਸਮਿਟ ਵਿੱਚ ਸ਼ਾਮਲ ਹੋਣ ਅਤੇ ਓਡੀਸੀ ਲਰਨਿੰਗ ਸੈਂਟਰ (Odyssey Learning Center) ਨਾਲ ਪਾਇਲਟ ਬਾਰੇ ਇੱਕ ਸੰਖੇਪ ਭਾਸ਼ਣ ਲਈ ਸੱਦਾ ਦਿੱਤਾ ਸੀ। ਇੱਥੇ John ਆਪਣਾ ਭਾਸ਼ਣ ਦਿੰਦੇ ਹੋਏ ਅਤੇ Meta ਗਲਾਸਿਜ਼ ਦੇ ਡਿਜ਼ਾਈਨ ਮੁਖੀ, Agustya Mehta ਨਾਲ ਗੱਲਬਾਤ ਕਰਦੇ ਹੋਏ ਦਿਖਾਈ ਦੇ ਰਹੇ ਹਨ। ਉਹ I/DD ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੇ ਰੁਜ਼ਗਾਰ ਸਬੰਧੀ ਟੀਚਿਆਂ ਨੂੰ ਪੂਰਾ ਕਰਨ ਵਿੱਚ ਸਮਾਰਟ ਗਲਾਸਿਜ਼ ਦੀ ਵਰਤੋਂ ਕਰਨ ਦੇ ਸਾਡੇ ਵਿਚਾਰਾਂ ਬਾਰੇ ਚਰਚਾ ਕਰ ਰਹੇ ਹਨ।






## ACRC ਦੁਆਰਾ SAC STATE SUCCEED PROGRAM ਦਾ ਸਮਰਥਨ




ACRC, AKT SUCCEED ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ Sacramento ਸਟੇਟ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਿਤ ਹੈ, ਇਹ ਇੱਕ ਨਵੀਨਤਾਕਾਰੀ ਪਾਇਲਟ ਪ੍ਰੋਗਰਾਮ ਹੈ ਜੋ CSUS ਕੈਂਪਸ ਵਿੱਚ ਬੌਧਿਕ ਅਤੇ ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਬਾਲਗਾਂ ਲਈ ਨੌਕਰੀ ਦੇ ਸਾਰਥਕ ਮੌਕੇ ਪੈਦਾ ਕਰੇਗਾ।



ਭਾਗੀਦਾਰਾਂ ਨੂੰ ਸਿਖਲਾਈ ਪ੍ਰਾਪਤ ਯੂਨੀਵਰਸਿਟੀ ਵਿਦਿਆਰਥੀਆਂ ਅਤੇ ਸਪੋਰਟਿਡ ਐਂਪਲੌਇਮੈਂਟ ਦੇ ਪੇਸ਼ੇਵਰਾਂ ਨਾਲ ਜੋੜ ਕੇ, ਇਹ ਪ੍ਰੋਜੈਕਟ ਅਪਾਹਜਤਾ ਸੇਵਾਵਾਂ ਦੇ ਖੇਤਰ ਵਿੱਚ ਪੇਸ਼ੇਵਰਾਂ ਦੀ ਅਗਲੀ ਪੀੜ੍ਹੀ ਨੂੰ ਤਿਆਰ ਕਰੇਗਾ, ਅਤੇ ਨਾਲ ਹੀ ਨੌਕਰੀ ਵਿੱਚ ਸਫਲਤਾ, ਸਥਿਰਤਾ ਅਤੇ ਆਤਮ-ਨਿਰਭਰਤਾ ਨੂੰ ਵਧਾਏਗਾ। ਇਹ ਪਾਇਲਟ ਪ੍ਰੋਗਰਾਮ ਰੁਜ਼ਗਾਰ ਦੇ ਨਤੀਜਿਆਂ ਦਾ ਮੁਲਾਂਕਣ ਕਰੇਗਾ ਅਤੇ ਇੱਕ ਸਕੇਲੇਬਲ ਮਾਡਲ ਵਿਕਸਤ ਕਰੇਗਾ ਜੋ ਪੂਰੇ ਕੈਲੀਫ਼ੋਰਨੀਆ ਵਿੱਚ ਸਭ ਨੂੰ ਸ਼ਾਮਲ ਕਰਨ ਵਾਲੇ ਰੁਜ਼ਗਾਰ ਦੇ ਮੌਕਿਆਂ ਦਾ ਵਿਸਤਾਰ ਕਰ ਸਕਦਾ ਹੈ।

## ACRC ਅਤੇ DDS ਵੱਲੋਂ NASDDDS ਦੇ WESLEY ANDERSON ਦਾ ਸਵਾਗਤ ਕੀਤਾ ਗਿਆ

ਮੰਗਲਵਾਰ, 15 ਸਤੰਬਰ ਨੂੰ, ACRC ਅਤੇ ਕੈਲੀਫ਼ੋਰਨੀਆ ਡਿਪਾਰਟਮੈਂਟ ਆਫ਼ ਡਿਵੈਲਪਮੈਂਟਲ ਸਰਵਿਸਿਜ਼ (California Department of Developmental Services, DDS) ਨੂੰ ਨੈਸ਼ਨਲ ਐਸੋਸੀਏਸ਼ਨ ਆਫ਼ ਸਟੇਟ ਡਾਇਰੈਕਟਰਜ਼ ਆਫ਼ ਡਿਵੈਲਪਮੈਂਟਲ ਡਿਸਏਬਿਲਿਟੀਜ਼ ਸਰਵਿਸਿਜ਼ (National Association of State Directors of Developmental Disabilities Services, NASDDDS) ਦੇ ਰੋਜ਼ਗਾਰ ਅਤੇ ਭਾਈਚਾਰਕ ਸੇਵਾਵਾਂ ਦੇ ਡਾਇਰੈਕਟਰ, Wesley Anderson ਦੀ ਮੇਜ਼ਬਾਨੀ ਕਰਕੇ ਖੁਸ਼ੀ ਹੋਈ। ਆਪਣੀ ਵਿਜ਼ਿਟ ਦੌਰਾਨ, ACRC ਕਲਾਇੰਟ ਐਂਪਲੌਇਮੈਂਟ ਸਪੈਸ਼ਲਿਸਟ Carly Moorman ਅਤੇ DDS ਰੁਜ਼ਗਾਰ ਵਿਭਾਗ ਨੇ ਸਥਾਨਕ ਰੁਜ਼ਗਾਰ ਪਹਿਲਕਦਮੀਆਂ 'ਤੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ। Mr. Anderson ਨੇ ਮੈਰੀਸਟਮ ਦਾ ਦੌਰਾ ਕੀਤਾ ਅਤੇ InAlliance ਦੁਆਰਾ ਸਹਿਯੋਗ ਪ੍ਰਾਪਤ ਇੱਕ ਵਿਅਕਤੀ ਨਾਲ ਮੁਲਾਕਾਤ ਵੀ ਕੀਤੀ ਜੋ ਗਵਰਨਰ ਆਫ਼ਿਸ ਦੇ ਮੇਲਰੂਮ ਵਿੱਚ ਸਫਲਤਾਪੂਰਵਕ ਰੋਜ਼ਗਾਰ ਪ੍ਰਾਪਤ ਹੈ।



ਇਹ ਦੌਰਾ ਖੇਤਰੀ ਅਤੇ ਰਾਜ ਪੱਧਰੀ ਮੌਜੂਦਾ ਅਤੇ ਪ੍ਰਸਤਾਵਿਤ ਰੁਜ਼ਗਾਰ ਪਹਿਲਕਦਮੀਆਂ ਅਤੇ ਨੀਤੀਆਂ ਬਾਰੇ ਇੱਕ ਸਾਰਥਕ ਚਰਚਾ ਦੇ ਨਾਲ-ਨਾਲ ਰੀਜਨਲ ਸੈਂਟਰ ਦੀਆਂ ਸੇਵਾਵਾਂ ਬਾਰੇ ਸੰਖੇਪ ਜਾਣਕਾਰੀ ਨਾਲ ਸਮਾਪਤ ਹੋਇਆ। ਇਸ ਵਿਜ਼ਿਟ ਨੇ ACRC ਦੁਆਰਾ ਬੌਧਿਕ ਅਤੇ ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਵਿਅਕਤੀਆਂ ਨੂੰ ਸਾਰਥਕ, ਪ੍ਰਤੀਯੋਗੀ ਏਕੀਕ੍ਰਿਤ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਦੇ ਕੰਮ ਨੂੰ ਸਾਂਝਾ ਕਰਨ ਦਾ ਇੱਕ ਵਧੀਆ ਮੌਕਾ ਪ੍ਰਦਾਨ ਕੀਤਾ।

# ACRC ਕਲੀਨਿਕਲ ਸਰਵਿਸਿਜ਼ ਟੀਮ ਨੇ ਟ੍ਰੇਨਿੰਗ ਅਤੇ ਸਹਿਯੋਗ ਰਾਹੀਂ ਭਾਈਚਾਰਕ ਭਾਈਵਾਲੀ ਨੂੰ ਕੀਤਾ ਮਜ਼ਬੂਤ



ਅਗਸਤ ਦਾ ਮਹੀਨਾ ACRC ਦੇ ਬੀਹੇਵਿਅਰ ਐਨਾਲਿਸਟਾਂ ਅਤੇ ਔਟਿਜ਼ਮ ਕਲੀਨਿਕਲ ਸਪੈਸ਼ਲਿਸਟ ਲਈ ਇੱਕ ਰੁਝੇਵਿਆਂ ਭਰਿਆ ਅਤੇ ਫਲਦਾਇਕ ਮਹੀਨਾ ਰਿਹਾ, ਜੋ ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਵਿਅਕਤੀਆਂ ਲਈ ਸਿੱਖਿਆ, ਸਹਿਯੋਗ ਅਤੇ ਉੱਚ-ਮਿਆਰੀ ਸੇਵਾਵਾਂ ਮੁਹੱਈਆ ਕਰਾਉਣ ਪ੍ਰਤੀ ਟੀਮ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਮਹੀਨੇ ਦੇ ਸ਼ੁਰੂ ਵਿੱਚ, ਟੀਮ ਨੂੰ 2026-2027 ਸਕੂਲੀ ਸਾਲ ਲਈ ਸਟਾਫ ਦੀ ਤਿਆਰੀ ਦੇ ਹਿੱਸੇ ਵਜੋਂ ਸੈਕਰਾਮੈਂਟੋ ਕਾਉਂਟੀ ਆਫਿਸ ਆਫ਼ ਐਜੂਕੇਸ਼ਨ (SCOE) ਨਾਲ ਮਿਲ ਕੇ ਅੱਧੇ-ਦਿਨ ਦੇ ਦੋ ਟ੍ਰੇਨਿੰਗ ਸੈਸ਼ਨ ਆਯੋਜਤ ਕਰਨ ਲਈ ਸੱਦਾ ਦਿੱਤਾ ਗਿਆ ਸੀ। ਔਟਿਜ਼ਮ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਵਾਲੇ ਕਲਾਸਰੂਮ ਸਟਾਫ ਅਤੇ ਡਿਸਟ੍ਰਿਕਟ ਮਾਹਿਰਾਂ ਲਈ ਤਿਆਰ ਕੀਤੀ ਗਈ ਇਹ ਟ੍ਰੇਨਿੰਗ ਵਿਦਿਆਰਥੀਆਂ ਦੀ ਸਫਲਤਾ ਨੂੰ ਵਧਾਉਣ ਲਈ ਵਿਹਾਰਕ, ਤੱਥ-ਅਧਾਰਤ ਰਣਨੀਤੀਆਂ 'ਤੇ ਕੇਂਦ੍ਰਿਤ ਸੀ। ਟ੍ਰੇਨਿੰਗ ਦੇ ਵਿਸ਼ਿਆਂ ਵਿੱਚ ਔਟਿਜ਼ਮ ਵਾਲੇ ਵਿਅਕਤੀਆਂ ਲਈ ਸਬੂਤ-ਅਧਾਰਤ ਅਭਿਆਸ, ਵਿਹਾਰਕ ਸੰਚਾਰ ਹੁਨਰਾਂ ਨੂੰ ਹੋਰ ਮਜ਼ਬੂਤ ਬਣਾਉਣ ਦੇ ਤਰੀਕੇ, ਵਿਜ਼ੁਅਲ ਸਪੋਰਟ ਦੀ ਕਾਰਗਰ ਵਰਤੋਂ, ਅਤੇ ਸਕਾਰਾਤਮਕ ਪੁਸ਼ਟੀਕਰਨ ਰਣਨੀਤੀਆਂ ਨੂੰ ਲਾਗੂ ਕਰਨਾ ਸ਼ਾਮਲ ਸੀ। ਇਨ੍ਹਾਂ ਸੈਸ਼ਨਾਂ ਨੇ ਸਿੱਖਿਅਕਾਂ ਨੂੰ ਸਹਾਇਕ ਅਤੇ ਸਮਾਵੇਸ਼ੀ ਸਿੱਖਣ ਦਾ ਮਾਹੌਲ ਤਿਆਰ ਕਰਨ ਵਿੱਚ ਮਦਦ ਲਈ ਕੀਮਤੀ ਸਾਧਨ ਅਤੇ ਸਰੋਤ ਪ੍ਰਦਾਨ ਕੀਤੇ।

ਮਹੀਨੇ ਦੇ ਅਖੀਰ ਵਿੱਚ, ਟੀਮ ਨੂੰ ACRC ਵੈਂਡਰ ਪਾਰਟਨਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਨੂੰ ਜਾਣਨ ਲਈ ਸਮਰਪਿਤ ਦਿਨ ਦੌਰਾਨ ਡਿਪਾਰਟਮੈਂਟ ਆਫ਼ ਡਿਵੈਲਪਮੈਂਟਲ ਸਰਵਿਸਿਜ਼ (DDS) ਦੀ ਔਟਿਜ਼ਮ ਸੇਵਾਵਾਂ ਸ਼ਾਖਾ ਦੇ ਮੈਂਬਰਾਂ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ। ਇਨ੍ਹਾਂ ਦੌਰਿਆਂ ਦੌਰਾਨ ਕਈ ਤਰ੍ਹਾਂ ਦੇ ਸੇਵਾ ਮਾਡਲ ਦਿਖਾਏ ਗਏ, ਜਿਨ੍ਹਾਂ ਵਿੱਚ ਇੱਕ ਅਡਲਟ ਡੇ ਪ੍ਰੋਗਰਾਮ, ਸੈਂਟਰ-ਬੇਸਡ ਅਪਲਾਈਡ ਬਿਹੇਵਿਅਰ ਐਨਾਲਿਸਿਸ (ABA) ਪ੍ਰੋਗਰਾਮ, ਜੋ ਰਿਹਾਇਸ਼ੀ ਸਹੂਲਤਾਂ ਲਈ ਘਰ-ਅੰਦਰ ਸੇਵਾਵਾਂ ਅਤੇ ਸਲਾਹ-ਮਸ਼ਵਰਾ ਵੀ ਪ੍ਰਦਾਨ ਕਰਦੇ ਹਨ, ਅਤੇ ਬਾਲਗ ਰਿਹਾਇਸ਼ੀ ਘਰ (ਅਡਲਟ ਰੈਜ਼ੀਡੈਂਸ਼ੀਅਲ ਹੋਮਜ਼) ਸ਼ਾਮਲ ਸਨ।

ACRC ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਇਸ ਤਰ੍ਹਾਂ ਦੇ ਪਾਰਟਨਰਸ਼ਿਪ ਅਤੇ ਸਹਿਯੋਗ ਭਰੇ ਟ੍ਰੇਨਿੰਗ ਦੇ ਮੌਕੇ ਬਹੁਤ ਮਹੱਤਵਪੂਰਨ ਹਨ। ਵਿਦਿਅਕ ਭਾਈਵਾਲਾਂ, ਸਰਵਿਸ ਪ੍ਰੋਵਾਈਡਰਾਂ ਅਤੇ ਰਾਜ ਦੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰਦੇ ਹੋਏ, ACRC ਉਹਨਾਂ ਭਾਈਚਾਰਿਆਂ ਵਿੱਚ ਰਹਿਣ ਵਾਲੇ ਵਿਅਕਤੀਆਂ ਦੀ ਨਿਰੰਤਰ ਸਹਾਇਤਾ ਕਰ ਰਿਹਾ ਹੈ ਜਿੱਥੇ ਉਹਨਾਂ ਦੀ ਕਦਰ ਕੀਤੀ ਜਾਂਦੀ ਹੈ, ਉਹਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਅਤੇ ਉਹਨਾਂ ਨੂੰ ਪੂਰਾ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ।





# ACRC ਨੇ ਫਿਊਚਰਜ਼ ਐਕਸਪਲੋਰਡ (FUTURES EXPLORED) ਦੇ DSP RANDY ਨੂੰ ਫੀਚਰ ਕਰਕੇ DSP ਰਿਕੋਗਨਿਸ਼ਨ ਵੀਕ ਮਨਾਇਆ

Randy ਨੇ ਫਿਊਚਰਜ਼ ਐਕਸਪਲੋਰਡ ਵਿਖੇ ਅੱਠ ਸਾਲ ਕੰਮ ਕੀਤਾ ਹੈ । ਫਿਊਚਰਜ਼ ਐਕਸਪਲੋਰਡ ਰੁਜ਼ਗਾਰ, ਸਿੱਖਿਆ, ਤੰਦਰੁਸਤੀ ਅਤੇ ਮੀਡੀਆ ਵਰਗੇ ਪ੍ਰੋਗਰਾਮਾਂ ਵਿੱਚ ACRC ਦੇ ਬਾਲਗ ਗਾਹਕਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਉਨ੍ਹਾਂ ਦੇ ਕਰੀਅਰ ਦੀ ਸ਼ੁਰੂਆਤ ਇੱਕ ਲੇਖਕ ਅਤੇ ਨਿਰਦੇਸ਼ਕ ਵਜੋਂ ਫਿਲਮ ਨਿਰਮਾਣ ਤੋਂ ਹੋਈ। ਉਹ ਆਪਣੇ ਕਾਰੋਬਾਰ ਦੇ ਨਾਲ-ਨਾਲ ਫਿਲਮਾਂ ਵੀ ਬਣਾਉਂਦੇ ਹਨ ਅਤੇ ਵਿਕਾਸਾਤਮਕ ਅਤੇ ਬੌਧਿਕ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਫਿਲਮ ਨਿਰਮਾਣ ਪ੍ਰਕਿਰਿਆ ਬਾਰੇ ਸਿਖਾਉਣ ਲਈ ਆਪਣੇ ਹੁਨਰ ਦੀ ਵਰਤੋਂ ਕਰਦੇ ਹਨ।

ਇੱਕ ਡਾਇਰੈਕਟ ਸਪੋਰਟ ਪ੍ਰੋਫੈਸ਼ਨਲ ਦੇ ਤੌਰ 'ਤੇ, Randy ਮੀਡੀਆ ਇੰਡਸਟਰੀ ਵਿੱਚ ਦਿਲਚਸਪੀ ਰੱਖਣ ਵਾਲੇ ਗਾਹਕਾਂ ਦੇ ਵਿਕਾਸ ਅਤੇ ਪ੍ਰਗਤੀ ਲਈ ਬਹੁਤ ਹੀ ਅਹਿਮ ਹਨ। ਆਪਣੀ ਭੂਮਿਕਾ ਵਿੱਚ ਉਨ੍ਹਾਂ ਨੂੰ ਪ੍ਰੋਗਰਾਮ ਭਾਗੀਦਾਰਾਂ ਦੀਆਂ ਸਿੱਖਣ ਅਤੇ ਸਮਝਣ ਦੀਆਂ ਬਹੁਤ ਸਾਰੀਆਂ ਵੱਖ-ਵੱਖ ਸ਼ੈਲੀਆਂ ਦੇ ਹਿਸਾਬ ਨਾਲ ਢਲਣਾ ਪੈਂਦਾ ਹੈ। Randy ਨੂੰ ਲੋਕਾਂ ਦੀ ਮਦਦ ਕਰਨਾ ਅਤੇ ਮੀਡੀਆ ਬਾਰੇ ਲੋਕਾਂ ਨੂੰ ਸਿਖਾਉਣ ਦਾ ਸਭ ਤੋਂ ਵਧੀਆ ਤਰੀਕਾ ਲੱਭਣਾ ਪਸੰਦ ਹੈ।

ਪ੍ਰੋਡਕਸ਼ਨ ਕੰਪਨੀ ਅਤੇ ਇਵੈਂਟਸ ਰੈਂਟਲਜ਼ ਦੇ ਕੋਆਰਡੀਨੇਟਰ ਵਜੋਂ ਆਪਣੀ ਭੂਮਿਕਾ ਵਿੱਚ, Randy ਗਾਹਕਾਂ ਨੂੰ ਫਿਲਮ ਨਿਰਮਾਣ ਬਾਰੇ ਸਿਖਾਉਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਦੇ ਹਨ। ਉਹ ਅਜਿਹੀਆਂ ਮਹੱਤਵਪੂਰਨ ਕਲਾਸਾਂ ਵੀ ਪ੍ਰਦਾਨ ਕਰਦੇ ਹਨ ਜੋ ਭਾਗੀਦਾਰਾਂ ਨੂੰ ਫਿਲਮ ਨਿਰਮਾਣ ਦੇ ਖੇਤਰ ਵਿੱਚ ਕੰਮ ਪ੍ਰਾਪਤ ਕਰਨ ਦੇ ਯੋਗ ਬਣਾਉਂਦੀਆਂ ਹਨ। ਉਨ੍ਹਾਂ ਵੱਲੋਂ ਲਈ ਜਾਣ ਵਾਲੀ ਇੱਕ ਕਲਾਸ ਵਿੱਚ ਉਹ ਡਰਾਈਵਿੰਗ ਸਿਖਾਉਂਦੇ ਹਨ, ਜਿੱਥੇ ਉਹ ਵਿਦਿਆਰਥੀਆਂ ਨੂੰ ਗੱਡੀ ਚਲਾਉਣ ਦੇ ਤਰੀਕੇ, DMV ਬਾਰੇ ਸਿਖਾਉਂਦੇ ਹਨ, ਅਤੇ ਉਹਨਾਂ ਨੂੰ ਆਪਣੀ ਲਾਇਸੈਂਸ ਪ੍ਰੀਖਿਆ ਦੇਣ ਲਈ ਤਿਆਰ ਕਰਦੇ ਹਨ। Randy ਜਾਣਦੇ ਹਨ ਕਿ ਫਿਲਮ ਨਿਰਮਾਣ ਉਦਯੋਗ ਵਿੱਚ ਨਿਰੰਤਰ ਬਦਲਦੇ ਮਾਹੌਲ ਅਨੁਸਾਰ ਢਲਣ ਦੀ ਲੋੜ ਹੁੰਦੀ ਹੈ ਅਤੇ ਗੱਡੀ ਚਲਾਉਣਾ ਸਿੱਖ ਕੇ ਆਤਮ-ਨਿਰਭਰਤਾ ਦੇ ਇੱਕ ਨਵੇਂ ਪੱਧਰ ਤੱਕ ਪਹੁੰਚਣ ਨਾਲ ਗਾਹਕਾਂ ਨੂੰ ਆਪਣੇ ਕਰੀਅਰ ਦੇ ਟੀਚੇ ਹਾਸਲ ਕਰਨ ਵਿੱਚ ਸਹਾਇਤਾ ਮਿਲ ਸਕਦੀ ਹੈ। Randy ਪ੍ਰੋਗਰਾਮ ਦੇ ਭਾਗੀਦਾਰਾਂ ਨੂੰ ਆਪਣੀ ਕੰਪਨੀ ਦੁਆਰਾ ਬਣਾਏ ਜਾਂਦੇ ਪ੍ਰੋਗਰਾਮਾਂ ਵਿੱਚ ਅਦਾਕਾਰੀ ਕਰਨ, ਲਿਖਣ ਅਤੇ ਫਿਲਮ ਮੀਡੀਆ ਲਈ ਕੰਮ ਕਰਨ ਦੇ ਮੌਕੇ ਵੀ ਪ੍ਰਦਾਨ ਕਰਨਗੇ। Randy ਦਾ ਮੰਨਣਾ ਹੈ ਕਿ ਕੰਮਕਾਜੀ ਮਾਹੌਲ ਵਿੱਚ ਅਪਾਹਜ ਵਾਲੇ ਲੋਕਾਂ ਬਾਰੇ ਕਲੰਕ ਜਾਂ ਮਾੜੀ ਸੋਚ ਨੂੰ ਘਟਾਉਣ ਦੀ ਸ਼ੁਰੂਆਤ, ਉਨ੍ਹਾਂ ਨੂੰ ਕੰਮ ਕਰਨ ਦੇ ਮੌਕੇ ਪ੍ਰਦਾਨ ਕਰਨ ਨਾਲ ਹੀ ਹੁੰਦੀ ਹੈ, ਖਾਸ ਕਰਕੇ ਉਨ੍ਹਾਂ ਖੇਤਰਾਂ ਵਿੱਚ ਜਿਨ੍ਹਾਂ ਲਈ ਉਨ੍ਹਾਂ ਵਿੱਚ ਉਤਸ਼ਾਹ ਹੈ।

Randy ਜਾਣਦੇ ਹਨ ਕਿ ਨਵੀਂ ਜਾਣਕਾਰੀ ਸਿੱਖਦੇ ਸਮੇਂ ਦੁਹਰਾਓ ਦੀ ਤਾਕਤ ਕਿੰਨੀ ਜ਼ਿਆਦਾ ਅਹਿਮ ਹੁੰਦੀ ਹੈ। ਇਸ ਲਈ, ਉਹ ਪ੍ਰੋਗਰਾਮ ਦੇ ਭਾਗੀਦਾਰਾਂ ਨੂੰ ਇਕਸਾਰਤਾ ਅਤੇ ਦੁਹਰਾਓ ਦੀਆਂ ਤਕਨੀਕਾਂ ਰਾਹੀਂ ਟ੍ਰੇਨਿੰਗ ਦਿੰਦੇ ਹਨ ਜਦੋਂ ਤੱਕ ਉਹ ਜਾਣਕਾਰੀ ਨੂੰ ਸਮਝ ਕੇ ਕਿਸੇ ਨਵੇਂ ਵਿਸ਼ੇ ਵੱਲ ਅੱਗੇ ਨਹੀਂ ਵੱਧ ਜਾਂਦੇ। ਪੜ੍ਹਾਉਣ ਦੇ ਇਸ ਢੰਗ ਦੇ ਬਹੁਤ ਵਧੀਆ ਨਤੀਜੇ ਸਾਹਮਣੇ ਆਏ ਹਨ। ਇੱਕ ਵਿਦਿਆਰਥੀ ਨੇ A Place Called Sacramento Film Festival ਵਿੱਚ ਇੱਕ ਸਕ੍ਰਿਪਟ ਜਮ੍ਹਾਂ ਕਰਵਾਈ ਅਤੇ ਉਸਨੂੰ ਆਪਣੀ ਫਿਲਮ ਸਾਂਝੀ ਕਰਨ ਅਤੇ ਆਪਣੇ ਕੰਮ ਬਾਰੇ ਦਰਸ਼ਕਾਂ ਨੂੰ ਸੰਬੋਧਨ ਕਰਨ ਲਈ ਚੁਣਿਆ ਗਿਆ। Randy ਵੱਲੋਂ ਇਸ ਵਿਦਿਆਰਥੀ ਦਾ ਆਤਮ-ਵਿਸ਼ਵਾਸ ਵਧਾਉਣ ਅਤੇ ਸਿੱਧੇ ਸਹਿਯੋਗ ਤੋਂ ਬਿਨਾਂ, ਇਸ ਤਰ੍ਹਾਂ ਦੀਆਂ ਉਪਲਬਧੀਆਂ ਸ਼ਾਇਦ ਅਸੰਭਵ ਲੱਗਦੀਆਂ।

ਆਮ ਤੌਰ 'ਤੇ ਫਿਲਮ ਨਿਰਮਾਣ ਇੱਕ ਅਜਿਹੀ ਚੀਜ਼ ਹੈ ਜਿਸ ਬਾਰੇ Randy ਬਹੁਤ ਜਨੂੰਨੀ ਹਨ। ਉਨ੍ਹਾਂ ਨੂੰ ਕਹਾਣੀਆਂ ਸੁਣਾਉਣ ਦਾ ਸ਼ੌਕ ਹੈ, ਅਤੇ ਫਿਲਮ ਨਿਰਮਾਣ ਉਨ੍ਹਾਂ ਲਈ ਇਹ ਕਹਾਣੀਆਂ ਸਾਂਝੀਆਂ ਕਰਨ ਦਾ ਇੱਕ ਜ਼ਰੀਆ ਹੈ। ਮੀਡੀਆ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨਾਲ ਅਨੁਭਵ ਸਾਂਝੇ ਕਰਨ ਅਤੇ ਉਨ੍ਹਾਂ ਨੂੰ ਸਿਖਾਉਣ ਦੇ ਯੋਗ ਹੋਣਾ Randy ਦੇ ਇਸ ਜਨੂੰਨ ਨੂੰ ਲਗਾਤਾਰ ਵਧਾਉਂਦਾ ਰਹਿੰਦਾ ਹੈ।

Randy ਵਰਗੇ ਸ਼ਾਨਦਾਰ ਵਿਅਕਤੀਆਂ ਦੁਆਰਾ ਸਿੱਧੇ ਸਹਿਯੋਗ ਤੋਂ ਬਿਨਾਂ, ACRC ਅੱਜ ਇਸ ਮੁਕਾਮ ‘ਤੇ ਨਾ ਹੁੰਦਾ! ਉਨ੍ਹਾਂ ਦੀਆਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ https://www.futures-explored.org/ 'ਤੇ ਜਾਓ।



# ACRC ਨੇ ਲਰਨਿੰਗ ਟੂ ਥ੍ਰਾਈਵ (LEARNING TO THRIVE) ਦੇ ਡਾਇਰੈਕਟਰ PATTI ਨੂੰ ਫੀਚਰ ਕਰਕੇ ਮਨਾਇਆ DSP ਰਿਕੋਗਨਿਸ਼ਨ ਵੀਕ

ਲਰਨਿੰਗ ਟੂ ਥ੍ਰਾਈਵ ਵਿਖੇ, Patti ਟੇਲਰਡ ਡੇ ਸਰਵਿਸ ਪ੍ਰੋਗਰਾਮ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਉਂਦੇ ਹਨ। ਉਹ ACRC ਦੇ ਬਾਲਗ ਗਾਹਕਾਂ ਅਤੇ ਲਰਨਿੰਗ ਟੂ ਥ੍ਰਾਈਵ ਵਿਖੇ ਸਿੱਖਿਆ ਅਤੇ ਰੋਜ਼ਗਾਰ ਪ੍ਰਾਪਤ ਕਰਨ ਵਾਲੇ ਪ੍ਰੋਗਰਾਮ ਭਾਗੀਦਾਰਾਂ ਦੀ ਕੋਚਿੰਗ ਅਤੇ ਸਹਾਇਤਾ ਨਾਲ ਸੰਬੰਧਿਤ ਸਾਰੇ ਕਾਰਜਾਂ ਦੀ ਦੇਖਰੇਖ ਕਰਦੇ ਹਨ। ਉਹ ਵਿਅਕਤੀਆਂ ਨੂੰ ਅਰਥਪੂਰਨ ਰੋਜ਼ਗਾਰ ਦੀ ਪ੍ਰਾਪਤੀ ਦੇ ਸਫ਼ਰ ਵਿੱਚ ਸਮਰੱਥ ਬਣਾਉਣ ਲਈ ਸਮਰਪਿਤ ਹਨ, ਅਤੇ ਉਨ੍ਹਾਂ ਦੇ ਕਰੀਅਰ ਦੇ ਟੀਚਿਆਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਵਿੱਚ ਮਦਦ ਕਰਦੇ ਹਨ।

Patti ਦੀ ਡਾਇਰੈਕਟ ਸਪੋਰਟ ਅਤੇ ਸਮਾਜ ਸੇਵਾ ਦੀ ਦੁਨੀਆ ਵਿੱਚ ਸ਼ੁਰੂਆਤ ਗੈਰ-ਰਵਾਇਤੀ ਰਹੀ ਸੀ। ਉਨ੍ਹਾਂ ਦਾ ਤਜਰਬਾ ਆਰਗੈਨਿਕ ਖੇਤੀ ਤੋਂ ਸ਼ੁਰੂ ਹੋਇਆ, ਜਿੱਥੇ ਉਹ ਗੁਆਂਢੀ ਕਿਸਾਨਾਂ ਨੂੰ ਆਰਗੈਨਿਕ ਖੇਤੀ ਅਪਣਾਉਣ ਅਤੇ ਫਸਲਾਂ ਉਗਾਉਣ ਦੇ ਤਰੀਕਿਆਂ ਬਾਰੇ ਸਿਖਾਉਂਦੇ ਸਨ। ਲੋਕਾਂ ਦੀ ਮਦਦ ਕਰਨ ਅਤੇ ਕੋਚਿੰਗ ਦੇਣ ਦੇ ਆਪਣੇ ਜਨੂੰਨ ਨੂੰ ਮਹਿਸੂਸ ਕਰਦਿਆਂ, Patti ਨੇ ਏਮ ਹਾਇਰ (Aim Higher) ਵਿਖੇ ਇੱਕ ਅਹੁਦੇ ਲਈ ਅਪਲਾਈ ਕਰਨ ਦਾ ਫੈਸਲਾ ਕੀਤਾ, ਜੋ ਵਿਕਾਸ ਅਤੇ ਬੌਧਿਕ ਅਪਾਹਜਤਾਵਾਂ ਵਾਲੇ ਵਿਅਕਤੀਆਂ ਨੂੰ ਨੌਕਰੀ ਲਈ ਕੋਚਿੰਗ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ। ਉਨ੍ਹਾਂ ਨੂੰ 2022 ਵਿੱਚ ਏਮ ਹਾਇਰ ਵਿਖੇ ਇੱਕ ਜੌਬ ਕੋਚ ਵਜੋਂ ਨਿਯੁਕਤ ਕੀਤਾ ਗਿਆ ਸੀ, ਅਤੇ ਇਸ ਕੰਮ ਵਿੱਚ ਦਿਲਚਸਪੀ ਹੋਣ ਕਰਕੇ, ਉਨ੍ਹਾਂ ਨੇ ਇਸ ਖੇਤਰ ਵਿੱਚ ਕੰਮ ਕਰਨਾ ਜਾਰੀ ਰੱਖਿਆ, ਅੰਤ ਵਿੱਚ ਉਹ 2024 ਵਿੱਚ ਲਰਨਿੰਗ ਟੂ ਥ੍ਰਾਈਵ ਦੇ ਖੁੱਲ੍ਹਣ 'ਤੇ ਉੱਥੇ ਚਲੇ ਗਏ।
ਆਪਣੀ ਭੂਮਿਕਾ ਵਿੱਚ, Patti ਕੋਲ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ ਅਤੇ ਉਹ ਰੋਜ਼ਾਨਾ ਦੇ ਕੰਮਾਂ ਵਿੱਚ ਸਿੱਧੀ ਸ਼ਮੂਲੀਅਤ ਕਰਨਾ ਪਸੰਦ ਕਰਦੇ ਹਨ। ਉਹ ਪ੍ਰੋਗਰਾਮ ਭਾਗੀਦਾਰਾਂ ਨੂੰ ਲਿਜਾਣ, ਜੌਬ ਕੋਚਾਂ ਨੂੰ ਗਾਹਕਾਂ ਨਾਲ ਜੋੜਨ, ਅਤੇ ਨਿਰੰਤਰ ਸਹਾਇਤਾ ਅਤੇ ਸਿਖਲਾਈ ਰਾਹੀਂ ਭਾਗੀਦਾਰਾਂ ਨੂੰ ਉਨ੍ਹਾਂ ਦੇ ਟੀਚੇ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੇ ਹਨ। Patti ਉਸ ਪਲ ਦਾ ਜਸ਼ਨ ਮਨਾਉਣ ਲਈ ਉਤਸ਼ਾਹਿਤ ਹਨ ਜਦੋਂ ਕੋਈ ਭਾਗੀਦਾਰ ਪ੍ਰੋਗਰਾਮ ਤੋਂ "ਗ੍ਰੈਜੂਏਟ" ਹੁੰਦਾ ਹੈ ਅਤੇ ਆਤਮਵਿਸ਼ਵਾਸ ਮਹਿਸੂਸ ਕਰਦਾ ਹੈ ਕਿ ਉਹ ਹੁਣ ਸੇਵਾਵਾਂ ਨਾ ਲੈਣ ਦਾ ਫੈਸਲਾ ਕਰ ਸਕਦਾ ਹੈ ਕਿ ਕਿਉਂਕਿ ਉਸਨੇ ਅਰਥਪੂਰਨ ਰੁਜ਼ਗਾਰ ਲਈ ਜ਼ਰੂਰੀ ਸਾਰੇ ਹੁਨਰ ਹਾਸਲ ਕਰ ਲਏ ਹਨ। ਕੁਝ ਗਾਹਕ ਇਸ ਪੜਾਅ ਦੇ ਨੇੜੇ ਪਹੁੰਚ ਗਏ ਹਨ, ਜੋ ਕਿ ਬਹੁਤ ਸ਼ਾਨਦਾਰ ਗੱਲ ਹੈ!

ਨਿਰਧਾਰਤ ਜੌਬ ਕੋਚਿੰਗ ਤੋਂ ਇਲਾਵਾ, Patti ਭਾਗੀਦਾਰਾਂ ਦੇ ਜੀਵਨ ਦੇ ਸਾਰੇ ਖੂਬਸੂਰਤ ਪਲਾਂ ਦਾ ਜਸ਼ਨ ਮਨਾਉਣਾ ਚਾਹੁੰਦੇ ਹਨ। ਇੱਕ ਵਾਰ, ਇੱਕ ਗਾਹਕ ਨੇ ਦੱਸਿਆ ਕਿ ਉਨ੍ਹਾਂ ਨੇ ਕਦੇ ਵੀ ਆਪਣਾ ਜਨਮਦਿਨ ਅਸਲ ਵਿੱਚ ਨਹੀਂ ਮਨਾਇਆ। Patti ਨੇ ਆਪਣੀ ਜ਼ਿੰਮੇਵਾਰੀ ਤੋਂ ਅੱਗੇ ਵੱਧ ਕੇ, ਪ੍ਰੋਗਰਾਮ ਵਿੱਚ ਮੌਜੂਦ ਸਾਰੇ ਵਿਅਕਤੀਆਂ ਦਾ ਜਸ਼ਨ ਮਨਾਉਣ ਲਈ ਇੱਕ ਬਰਥਡੇ ਪਾਰਟੀ ਦੀ ਯੋਜਨਾ ਬਣਾਈ, ਅਤੇ ਉਨ੍ਹਾਂ ਨੂੰ ਕੇਕ ਬਣਾਉਣਾ ਵੀ ਸਿਖਾਇਆ।

Patti ਇਸ ਪ੍ਰੋਗਰਾਮ ਵਿੱਚ ਮਿਲੀ ਸਫਲਤਾ ਦਾ ਸਿਹਰਾ ਆਪਣੇ ਜੌਬ ਕੋਚਾਂ ਨੂੰ ਦਿੰਦੇ ਹਨ। ਉਹ ਸਿੱਖਿਆ ਅਤੇ ਨੌਕਰੀ ਦੇ ਹੁਨਰ ਸਿਖਾਉਣ ਦੌਰਾਨ ਇੱਕ ਸਖਤ ਸ਼ਡਿਊਲ ਵਿੱਚ ਬੱਝੇ ਰਹਿਣ ਦੀ ਬਚਾਏ ਲਚਕਦਾਰ ਹੋਣ ਦੀ ਅਹਿਮੀਅਤ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਜਾਣਦੇ ਹਨ ਕਿ ਹਰ ਦਿਨ ਇੱਕੋ ਜਿਹਾ ਨਹੀਂ ਹੁੰਦਾ, ਅਤੇ ਕਈ ਵਾਰ ਗਾਹਕ ਟ੍ਰੇਨਿੰਗ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਜਾਂ ਪ੍ਰੇਰਿਤ ਮਹਿਸੂਸ ਨਹੀਂ ਕਰਦੇ। ਇਹ ਲਚਕਤਾ ਉਨ੍ਹਾਂ ਦੇ ਭਾਗੀਦਾਰਾਂ ਦਾ ਭਰੋਸਾ ਅਤੇ ਸੰਤੁਸ਼ਟੀ ਵਧਾਉਣ ਵਿੱਚ ਮਦਦ ਕਰਦੀ ਹੈ।

Patti ਵਰਗੇ ਸ਼ਾਨਦਾਰ ਡਾਇਰੈਕਟ ਸਪੋਰਟ ਪ੍ਰੋਫੈਸ਼ਨਲਾਂ ਦੇ ਸਹਿਯੋਗ ਤੋਂ ਬਿਨਾਂ, ACRC ਅੱਜ ਇਸ ਮੁਕਾਮ 'ਤੇ ਨਾ ਹੁੰਦਾ!

ਡਿਵੈਲਪਮੈਂਟਲ ਸਰਵਿਸਿਜ਼ ਵਿਭਾਗ

# ਰਾਜ ਨੇ ACRC ਦੀ ਅਗਵਾਈ ਵਾਲੇ ਤਕਨਾਲੋਜੀ ਪਾਇਲਟ ਪ੍ਰੋਗਰਾਮ ਦਾ ਮੁਲਾਂਕਣ ਪ੍ਰਕਾਸ਼ਿਤ ਕੀਤਾ

**ਪਿਛੋਕੜ**

ਜੂਨ 2022 ਵਿੱਚ, DDS ਨੇ ਆਪਣੀਆਂ ਰਿਮੋਟ ਸੇਵਾਵਾਂ ਅਤੇ ਸਪੋਰਟਸ ਪਾਇਲਟ ਪ੍ਰੋਜੈਕਟ ਦਾ ਐਲਾਨ ਇਸ ਤਰ੍ਹਾਂ ਕੀਤਾ:

*[ਵੈਲਫੇਅਰ ਐਂਡ ਇੰਸਟੀਚਿਊਸ਼ਨਜ਼] ਧਾਰਾ 4511.6 ਸ਼ਾਮਲ ਕੀਤੀ ਗਈ ਸੀ, ਜਿਸ ਵਿੱਚ ਵਿਭਾਗ ਲਈ ਤਕਨਾਲੋਜੀ ਹੱਲਾਂ ਰਾਹੀਂ ਦਿੱਤੀਆਂ ਜਾਣ ਵਾਲੀਆਂ ਰਿਮੋਟ ਖਪਤਕਾਰ ਸੇਵਾਵਾਂ ਅਤੇ ਸਹਾਇਤਾ ਦੀ ਵਿਵਹਾਰਕਤਾ ਦੀ ਜਾਂਚ ਲਈ ਇੱਕ ਪਾਇਲਟ ਪ੍ਰੋਜੈਕਟ ਤਿਆਰ ਕਰਨਾ ਲਾਜ਼ਮੀ ਬਣਾਇਆ ਗਿਆ ਸੀ। ਵਿਧਾਨ ਮੰਡਲ ਦਾ ਉਦੇਸ਼ ਇਹ ਜਾਂਚਣਾ ਹੈ ਕਿ ਕੀ ਰਿਮੋਟ ਸੇਵਾਵਾਂ ਅਤੇ ਸਹਾਇਤਾ ਖਪਤਕਾਰਾਂ ਨੂੰ ਵਧੇਰੇ ਆਤਮ-ਨਿਰਭਰ ਜੀਵਨ ਜਿਉਣ, ਦੋਭਾਸ਼ੀ ਸੇਵਾਵਾਂ ਤੱਕ ਉਹਨਾਂ ਦੀ ਪਹੁੰਚ ਵਧਾਉਣ, ਅਤੇ, ਜਦੋਂ ਇਹ ਚੋਣ ਕੀਤੀ ਜਾਵੇ ਅਤੇ ਸੁਰੱਖਿਅਤ ਹੋਵੇ, ਤਾਂ ਸਿਸਟਮ ਦੀ ਵਿਅਕਤੀਗਤ ਡਾਇਰੈਕਟ ਸਪੋਰਟ 'ਤੇ ਨਿਰਭਰਤਾ ਘਟਾਉਣ ਲਈ ਇੱਕ ਪ੍ਰਭਾਵਸ਼ਾਲੀ ਵਿਕਲਪ ਬਣ ਸਕਦੀਆਂ ਹਨ।*

*ਰਿਮੋਟ ਸੇਵਾਵਾਂ ਅਤੇ ਸਹਾਇਤਾ ਪ੍ਰੋਜੈਕਟ ਲਈ ਲਾਭਪਾਤਰੀਆਂ ਦੀ ਚੋਣ ਕਰਦੇ ਸਮੇਂ, ਵਿਭਾਗ ਲਈ ਖਪਤਕਾਰਾਂ ਦੀ ਪਸੰਦ, ਉਨ੍ਹਾਂ ਦੀ ਵਿਅਕਤੀਗਤ ਪ੍ਰੋਗਰਾਮ ਯੋਜਨਾ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਸੇਵਾਵਾਂ ਜਾਂ ਸਹਾਇਤਾ ਦੀ ਕਿਸਮ, ਮਾਤਰਾ ਅਤੇ ਸਟਾਫ਼ ਦੀ ਲੋੜ, ਅਤੇ ਖਪਤਕਾਰ ਦੀਆਂ ਵਿਅਕਤੀਗਤ ਚੋਣਾਂ ਸਮੇਤ ਉਨ੍ਹਾਂ ਦੀਆਂ ਵਿਲੱਖਣ ਸਿਹਤ, ਸੁਰੱਖਿਆ ਅਤੇ ਹੋਰ ਜ਼ਰੂਰਤਾਂ 'ਤੇ ਵਿਚਾਰ ਕਰਨਾ ਲਾਜ਼ਮੀ ਹੈ। ਇਹ ਜ਼ਰੂਰੀ ਹੈ ਕਿ ਪਾਇਲਟ ਪ੍ਰੋਜੈਕਟ ਲਈ ਚੁਣੇ ਗਏ ਖਪਤਕਾਰ ਰਾਜ ਦੇ ਵੱਖ-ਵੱਖ ਸੱਭਿਆਚਾਰਕ ਅਤੇ ਨਸਲੀ ਪਿਛੋਕੜਾਂ, ਉਮਰ ਅਤੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀ ਪ੍ਰਤੀਨਿਧਤਾ ਕਰਦੇ ਹੋਣ।*

**ਪਾਇਲਟ**

DDS ਨੇ ਟੈਕਨਾਲੋਜੀ ਪਾਇਲਟ ਪ੍ਰੋਗਰਾਮ ਦੀ ਨਿਗਰਾਨੀ, ਵਿਕਾਸ ਅਤੇ ਇਸਨੂੰ ਲਾਗੂ ਕਰਨ ਲਈ ACRC ਅਤੇ ਤਿੰਨ ਸੇਵਾ ਪ੍ਰਦਾਤਾਵਾਂ ਨਾਲ ਭਾਈਵਾਲੀ ਕੀਤੀ। ਤਿੰਨ ਸੇਵਾ ਪ੍ਰਦਾਤਾ ਈਸਟ ਬੇ ਇਨੋਵੇਸ਼ਨਜ਼ (East Bay Innovations), ਸਟ੍ਰੈਟਜੀਜ਼ ਟੂ ਐਂਪੌਰ ਪੀਪਲ (Strategies to Empower People) ਅਤੇ ਔਨ ਮਾਈ ਓਨ ਇੰਡੀਪੈਂਡੈਂਟ ਲਿਵਿੰਗ ਸਰਵਿਸਿਜ਼ (On My Own Independent Living Services) ਸਨ। ਕਲਾਇੰਟ ਭਾਗੀਦਾਰ ਈਸਟ ਬੇਅ ਦੇ ਰੀਜਨਲ ਸੈਂਟਰ ਅਤੇ ACRC ਤੋਂ ਸ਼ਾਮਲ ਕੀਤੇ ਗਏ ਸਨ। ਮਿਡਸਟੇਟ ਆਰਕ (Connecticut) ਨੇ ਇਸ ਪ੍ਰੋਜੈਕਟ ਲਈ ਤਕਨੀਕੀ ਸਲਾਹਕਾਰ ਵਜੋਂ ਸੇਵਾ ਨਿਭਾਈ। ACRC ਸਟਾਫ, Rhonda Phillips, ਨੇ ਪੂਰੇ ਪਾਇਲਟ ਦੌਰਾਨ ਪ੍ਰੋਗਰਾਮ ਅਤੇ ਬਿਲਿੰਗ ਸਹਾਇਤਾ ਪ੍ਰਦਾਨ ਕੀਤੀ। ਭਾਗੀਦਾਰਾਂ ਦੀ ਚੋਣ ਅਤੇ ਮੁਲਾਂਕਣ ਦੀ ਇੱਕ ਮਿਆਦ ਤੋਂ ਬਾਅਦ, ਪਹਿਲੇ ਅਸਿਸਟਿਵ ਤਕਨਾਲੋਜੀ ਡਿਵਾਈਸ ਜਨਵਰੀ 2024 ਵਿੱਚ ਇੰਸਟਾਲ ਕੀਤੇ ਗਏ ਸਨ। ਸਭ ਤੋਂ ਵੱਧ ਵਰਤੇ ਜਾਣ ਵਾਲੇ ਡਿਵਾਈਸ ਸੁਰੱਖਿਆ ਨਾਲ ਸਬੰਧਤ ਸਨ ਜਿਵੇਂ ਕਿ ਡਿੱਗਣ ਦੀ ਸੂਚਨਾ ਦੇਣ ਵਾਲੇ ਸੈਂਸਰ ਅਤੇ ਸਮਾਰਟ ਡੋਰ ਲਾਕ। ਸਮਾਰਟ ਘਰੇਲੂ ਡਿਵਾਈਸ ਬਹੁਤ ਚਰਚਿਤ ਰਹੇ। ਭਾਗੀਦਾਰਾਂ ਨੇ ਖਿੜਕੀਆਂ ਦੇ ਪਰਦੇ ਬੰਦ ਕਰਨ ਵਰਗੇ ਕੰਮਾਂ ਨੂੰ ਪੂਰਾ ਕਰਨ ਲਈ ਐਮਾਜ਼ਾਨ ਅਲੈਕਸਾ (Amazon Alexa) ਵਰਗੇ ਵੌਇਸ ਅਸਿਸਟੈਂਟ ਦੀ ਵਰਤੋਂ ਕੀਤੀ।

**ਮੁਲਾਂਕਣ**

Mathematica ਨੇ ਸਰਵੇਖਣ ਕੀਤਾ ਅਤੇ ਭਾਗੀਦਾਰਾਂ ਅਤੇ ਉਨ੍ਹਾਂ ਦੇ ਸਹਾਇਕ ਸਟਾਫ਼ ਨਾਲ ਇੰਟਰਵਿਊ ਕੀਤੇ।

ਮੁੱਖ ਨਤੀਜਿਆਂ ਵਿੱਚ ਸ਼ਾਮਲ ਹਨ:

- ਆਤਮ-ਨਿਰਭਰਤਾ ਪਾਇਲਟ ਤੋਂ ਪਹਿਲਾਂ ਦੀ 58% ਤੋਂ ਵੱਧ ਕੇ ਪਾਇਲਟ ਦੇ ਅੱਧ ਵਿੱਚ 84% ਹੋ ਗਈ
- ਸੁਰੱਖਿਆ 52% ਤੋਂ ਵੱਧ ਕੇ 82% ਹੋ ਗਈ; ਨਿੱਜਤਾ ਵਿੱਚ ਕੋਈ ਫਰਕ ਨਹੀਂ ਪਿਆ।
- 29 ਵਿੱਚੋਂ 12 ਭਾਗੀਦਾਰਾਂ ਨੇ ਵਿਅਕਤੀਗਤ ਸਹਾਇਤਾ ਦੇ ਘੰਟੇ ਘਟਾ ਦਿੱਤੇ
- ਗੰਭੀਰ ਘਟਨਾਵਾਂ 41 ਤੋਂ ਘਟ ਕੇ 19 ਰਹਿ ਗਈਆਂ (ਦਵਾਈਆਂ ਸਬੰਧੀ ਗਲਤੀਆਂ: 19 ਤੋਂ 5)

East Bay Innovations

On My Own Independent Living Services

ਹੋਰ ਜਾਣਕਾਰੀ ਅਤੇ ਮੁਲਾਂਕਣ ਰਿਪੋਰਟ ਦੀ ਸਮੀਖਿਆ ਕਰਨ ਲਈ ਇਸ ਪੰਨੇ 'ਤੇ ਜਾਓ:
https://www.dds.ca.gov/initiatives/workforce-initiatives-4/technology-pilot-program/

MIDSTATE ARC, INC.

Mathematica. Progress Together

STRATEGIES TO EMPOWER PEOPLE 100% Employee Owned

# MINDEE BROWN ਕੈਰਿੰਗਟਨ ਕਾਲਜ ਦੇ ਗ੍ਰੈਜੂਏਟ ਹੋਏ

2026 ਦਾ ਸਾਲ Mindee Brown ਲਈ ਨਿੱਜੀ ਵਿਕਾਸ, ਵਿਦਿਅਕ ਪ੍ਰਾਪਤੀ ਅਤੇ ਦਿਲਚਸਪ ਨਵੇਂ ਮੌਕਿਆਂ ਨਾਲ ਭਰਪੂਰ ਇੱਕ ਅਸਾਧਾਰਨ ਸਾਲ ਰਿਹਾ ਹੈ। ਸਾਲ ਭਰ, Mindee ਨੇ ਆਪਣੀ ਸਿਹਤ ਅਤੇ ਸਮੁੱਚੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਸਖਤ ਮਿਹਨਤ ਕੀਤੀ ਹੈ। ਜੀਵਨ ਸ਼ੈਲੀ ਵਿੱਚ ਚੰਗੇ ਬਦਲਾਅ ਲਿਆਉਣ ਪ੍ਰਤੀ ਉਨ੍ਹਾਂ ਦੇ ਸਮਰਪਣ ਨੇ ਉਨ੍ਹਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਧੇਰੇ ਸਿਹਤਮੰਦ, ਮਜ਼ਬੂਤ ਅਤੇ ਵਧੇਰੇ ਆਤਮਵਿਸ਼ਵਾਸੀ ਬਣਨ ਵਿੱਚ ਮਦਦ ਕੀਤੀ ਹੈ।

ਆਪਣੀ ਸਿਹਤ 'ਤੇ ਧਿਆਨ ਦੇਣ ਤੋਂ ਇਲਾਵਾ, Mindee ਨੇ ਮੈਡੀਕਲ ਬਿਲਿੰਗ ਵਿੱਚ ਸਰਟੀਫਿਕੇਟ ਵੀ ਪ੍ਰਾਪਤ ਕੀਤਾ। ਉਨ੍ਹਾਂ ਨੇ ਆਪਣੀ ਪੜ੍ਹਾਈ ਪ੍ਰਤੀ ਸਮਰਪਿਤ ਰਹਿੰਦਿਆਂ ਦ੍ਰਿੜ੍ਹਤਾ, ਲਗਨ ਅਤੇ ਅਜਿਹੇ ਹੁਨਰ ਹਾਸਲ ਕਰਨ ਦੀ ਇੱਕ ਮਜ਼ਬੂਤ ਇੱਛਾ ਦਾ ਪ੍ਰਦਰਸ਼ਨ ਕੀਤਾ ਜੋ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਦੇ ਟੀਚੇ ਹਾਸਲ ਕਰਨ ਵਿੱਚ ਮਦਦ ਕਰਨਗੇ। ਸਖ਼ਤ ਮਿਹਨਤ ਅਤੇ ਲਗਨ ਨਾਲ, ਉਨ੍ਹਾਂ ਨੇ ਆਪਣਾ ਕੋਰਸਵਰਕ ਸਫਲਤਾਪੂਰਵਕ ਪੂਰਾ ਕੀਤਾ ਅਤੇ ਆਪਣਾ ਮੈਡੀਕਲ ਬਿਲਿੰਗ ਸਰਟੀਫਿਕੇਟ ਪ੍ਰਾਪਤ ਕੀਤਾ।

ਸਾਲ ਦੀ ਇੱਕ ਮੁੱਖ ਵਿਸ਼ੇਸ਼ਤਾ 7 ਅਗਸਤ, 2026 ਨੂੰ ਉਨ੍ਹਾਂ ਦੀ ਗ੍ਰੈਜੂਏਸ਼ਨ ਸੀ। ਇਹ ਪ੍ਰਾਪਤੀ ਕਈ ਮਹੀਨਿਆਂ ਦੀ ਮਿਹਨਤ ਅਤੇ ਸਮਰਪਣ ਦਾ ਸਿਖਰ ਸੀ। ਮੈਡੀਕਲ ਬਿਲਿੰਗ ਪ੍ਰੋਗਰਾਮ ਤੋਂ ਗ੍ਰੈਜੂਏਟ ਹੋਣਾ ਇੱਕ ਮਾਣਮੱਤਾ ਮੀਲ ਪੱਥਰ ਸੀ ਜੋ Mindee ਦੇ ਨਿੱਜੀ ਅਤੇ ਪੇਸ਼ੇਵਰ ਵਿਕਾਸ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਗ੍ਰੈਜੂਏਸ਼ਨ ਤੋਂ ਬਾਅਦ, Mindee ਨੇ ਨੌਕਰੀ ਦੇ ਇੰਟਰਵਿਊਆਂ ਵਿੱਚ ਸ਼ਾਮਲ ਹੋ ਕੇ ਅਤੇ ਸਿਹਤ ਸੰਭਾਲ ਖੇਤਰ ਵਿੱਚ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਕਰਕੇ ਆਪਣੇ ਭਵਿੱਖ ਵੱਲ ਵਧਣਾ ਜਾਰੀ ਰੱਖਿਆ ਹੈ। ਉਹ ਵਧੇਰੇ ਆਤਮ-ਨਿਰਭਰਤਾ ਪ੍ਰਾਪਤ ਕਰਨ ਅਤੇ ਇੱਕ ਅਰਥਪੂਰਨ ਕਰੀਅਰ ਬਣਾਉਣ ਵੱਲ ਮਹੱਤਵਪੂਰਨ ਕਦਮ ਚੁੱਕ ਰਹੇ ਹਨ। ਆਪਣੇ ਆਪ ਨੂੰ ਅੱਗੇ ਵਧਾਉਣ, ਸੰਭਾਵੀ ਐਂਪਲੌਇਅਰਾਂ ਨੂੰ ਮਿਲਣ ਅਤੇ ਨਵੇਂ ਮੌਕਿਆਂ ਦੀ ਭਾਲ ਕਰਨ ਦੀ ਤਿਆਰੀ ਉਨ੍ਹਾਂ ਦੇ ਆਤਮਵਿਸ਼ਵਾਸ ਅਤੇ ਦ੍ਰਿੜ੍ਹਤਾ ਨੂੰ ਦਰਸਾਉਂਦੀ ਹੈ।

ਇਸ ਸਾਲ Mindee ਦੀਆਂ ਪ੍ਰਾਪਤੀਆਂ ਉਨ੍ਹਾਂ ਦੀ ਅਟੱਲ ਲਗਨ, ਸਖਤ ਮਿਹਨਤ ਅਤੇ ਹਾਂ-ਪੱਖੀ ਦ੍ਰਿਸ਼ਟੀਕੋਣ ਨੂੰ ਦਰਸਾਉਂਦੀਆਂ ਹਨ। ਆਪਣੀ ਸਿਹਤ ਵਿੱਚ ਸੁਧਾਰ ਕਰਕੇ, ਆਪਣਾ ਮੈਡੀਕਲ ਬਿਲਿੰਗ ਸਰਟੀਫਿਕੇਟ ਪ੍ਰਾਪਤ ਕਰਕੇ, 7 ਅਗਸਤ 2026 ਨੂੰ ਗ੍ਰੈਜੂਏਟ ਹੋ ਕੇ, ਅਤੇ ਨੌਕਰੀ ਦੀਆਂ ਇੰਟਰਵਿਊਆਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਕੇ, ਉਨ੍ਹਾਂ ਨੇ ਭਵਿੱਖ ਦੀ ਸਫਲਤਾ ਲਈ ਇੱਕ ਮਜ਼ਬੂਤ ਨੀਂਹ ਰੱਖੀ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਉਨ੍ਹਾਂ ਦੇ ਸਮਰਪਣ ਦਾ ਸਬੂਤ ਹਨ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਹਨ।

2026 ਦਾ ਸਾਲ Mindee Brown ਲਈ ਸੱਚਮੁੱਚ ਸ਼ਾਨਦਾਰ ਰਿਹਾ ਹੈ, ਅਤੇ ਉਹ ਇੱਕ ਸਿਹਤਮੰਦ, ਆਤਮ-ਨਿਰਭਰ ਅਤੇ ਸਫਲ ਭਵਿੱਖ ਵੱਲ ਆਪਣਾ ਸਫ਼ਰ ਜਾਰੀ ਰੱਖਣ ਲਈ ਆਸਵੰਦ ਹਨ।



Mindee Brown
Carrington College



Carrington College

The Administration of Carrington College, on the recommendation of the Faculty, have conferred upon

Mindee Ann Brown

a certificate in

Medical Billing and Coding

In recognition of the fulfillment of the requirements for this honor
With all the rights, privileges, and honors appertaining thereto

Given at Sacramento, California
This fourteenth day of May in the year
Two Thousand and Twenty Six.

President

Provost/Vice President of Academic Affairs




ਇਸਤੋਂ ਪਹਿਲਾਂ ਅਸੀਂ 2025 ਵਿੱਚ ਕਿਫਾਇਤੀ ਰਿਹਾਇਸ਼ ਬਾਰੇ ਚਰਚਾ ਕਰਦੇ ਹੋਏ Mindee ਨੂੰ ਫੀਚਰ ਕੀਤਾ ਸੀ।



## ਫੀਚਰਡ ਆਰਟਿਸਟ MARY THORNSBERRY

### *Mary Thornsberry*

*ਸਾਊਥਸਾਈਡ ਅਨਲਿਮਟਿਡ (Southside Unlimited) ਵਿਖੇ ਸਵੈ-ਪ੍ਰਕਾਸ਼ਿਤ ਲੇਖਕ*




*Fantasy Planet* | *Danielle Cross: Medusa's Wrath* | *WEEBOW* | *The Vale Book I*




*The Vale Book 2 Lost and Found* | *The Vale: Libro 3: The Uprising* | *Clock-Work Memories* | *The Vale Sisters* **ਜਲਦ ਆ ਰਹੀ ਹੈ!**

*ਤੁਸੀ ਇਹਨਾਂ ਨੂੰ amazon.com 'ਤੇ ਦੇਖ ਸਕਦੇ ਹੋ।*
*Amazon.com 'ਤੇ ਬਸ Mary Thornsberry ਨਾਮ ਨਾਲ ਖੋਜੋ।*
*ਅਤੇ ਕਰਿਪਾ ਕਰਕੇ ਇੱਕ ਰੀਵਿਊ ਛੱਡੋ!*

Mary Thornsberry ਛੋਟੀ ਉਮਰ ਤੋਂ ਹੀ ਕਲਾ ਰਚਨਾ ਕਰਦੇ ਆ ਰਹੇ ਹਨ। ਭਾਵੇਂ ਉਹ ਅਕਸਰ ਸਿਰੇਮਿਕਸ ਅਤੇ ਡਰਾਇੰਗ ਵਿੱਚ ਕੰਮ ਕਰਦੇ ਹਨ, ਪਰ ਉਨ੍ਹਾਂ ਦਾ ਅਸਲ ਜਨੂੰਨ ਲਿਖਣਾ ਹੈ। ਵੱਡੇ ਹੁੰਦਿਆਂ, Mary ਨੇ ਇੱਕ ਪ੍ਰਕਾਸ਼ਿਤ ਲੇਖਕ ਬਣਨ ਦਾ ਸੁਪਨਾ ਦੇਖਿਆ ਸੀ, ਅਤੇ ਇਹ ਟੀਚਾ ਉਨ੍ਹਾਂ ਨੇ ਹਾਲ ਹੀ ਵਿੱਚ ਆਪਣੇ ਦ੍ਰਿੜ੍ਹ ਇਰਾਦੇ ਨਾਲ ਹਾਸਲ ਕੀਤਾ ਹੈ। ਉਹ ਹੁਣ ਇੱਕ ਸਵੈ-ਪ੍ਰਕਾਸ਼ਿਤ ਲੇਖਕ ਹਨ ਅਤੇ ਉਨ੍ਹਾਂ ਨੇ ਸੱਤ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਵਿੱਚ ਪ੍ਰਸ਼ੰਸਕਾਂ ਦੀ ਪਸੰਦੀਦਾ ਸੀਰੀਜ਼ "ਦ ਵੇਲ" ਵੀ ਸ਼ਾਮਲ ਹੈ। ਉਨ੍ਹਾਂ ਦੀਆਂ ਕਿਤਾਬਾਂ Amazon.com 'ਤੇ ਉਪਲਬਧ ਹਨ। ਉਨ੍ਹਾਂ ਦੇ ਕੰਮ ਨੂੰ ਦੇਖਣ ਅਤੇ ਖਰੀਦਣ ਲਈ QR ਕੋਡ ਸਕੈਨ ਕਰੋ।

## PAVE ਸਰਵਿਸਿਜ਼ ਆਊਟਕਮ ਸਿਸਟਮ ਦੀ ਪਰਖ ਕਰਨ ਲਈ ਵਿਕਾਸਾਤਮਕ ਅਪਾਹਜਤਾਵਾਂ ਵਾਲੇ ਵਿਅਕਤੀਆਂ ਦੀ ਲੋੜ

ਜੇ ਤੁਸੀਂ ACRC ਤੋਂ ਸੇਵਾਵਾਂ ਪ੍ਰਾਪਤ ਕਰਦੇ ਹੋ ਅਤੇ ਹੇਠ ਲਿਖੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋ, 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ, **ਸਪੋਰਟਿਡ ਲਿਵਿੰਗ, ਇੰਡੀਪੈਂਡੈਂਟ ਲਿਵਿੰਗ, ਇਨ-ਹੋਮ ਰਿਸਪਾਈਟ, ਅਤੇ/ਜਾਂ ਸਪੋਰਟਿਡ ਐਂਪਲੌਇਮੈਂਟ ਸੇਵਾਵਾਂ ਪ੍ਰਾਪਤ ਕਰਦੇ ਹੋ,** ਅੰਗਰੇਜ਼ੀ ਜਾਂ ਸਪੈਨਿਸ਼ ਸਮਝਦੇ ਹੋ, ਅਤੇ ਤੁਹਾਡੇ ਕੋਲ ਇੱਕ ਈਮੇਲ ਪਤਾ ਅਤੇ ਇੰਟਰਨੈੱਟ ਤੱਕ ਪਹੁੰਚ ਹੈ, ਤਾਂ ਤੁਹਾਨੂੰ ਕੈਲੀਫ਼ੋਰਨੀਆ ਕਮਿਊਨਿਟੀ ਲਿਵਿੰਗ ਨੈੱਟਵਰਕ (California Community Living Network) ਤੋਂ PAVE ਸਰਵਿਸਿਜ਼ ਆਊਟਕਮ ਸਿਸਟਮ ਦੀ ਪਰਖ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ!

PAVE ਸਰਵਿਸਿਜ਼ ਆਊਟਕਮ ਸਿਸਟਮ ਦਾ ਸਮੁੱਚਾ ਉਦੇਸ਼ ਕੈਲੀਫ਼ੋਰਨੀਆ ਭਰ ਵਿੱਚ ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਵਨ ਦੇ ਮਿਆਰ ਵਿੱਚ ਸੁਧਾਰ ਨੂੰ ਉਤਸ਼ਾਹਿਤ ਕਰਨਾ ਹੈ, ਤਾਂ ਜੋ ਸੇਵਾਵਾਂ ਦੀ ਪ੍ਰਾਪਤੀ ਅਤੇ ਮਿਆਰ ਵਿੱਚ ਵਿਤਕਰੇ ਅਤੇ ਅਸਮਾਨਤਾ ਨੂੰ ਘਟਾਇਆ ਜਾ ਸਕੇ।

ਜੇ ਤੁਸੀਂ ਦਿਲਚਸਪੀ ਰੱਖਦੇ ਹੋ, ਤਾਂ Julie ਨੂੰ PAVE@ccln.org 'ਤੇ ਈਮੇਲ ਕਰੋ।

CCLN California Community Living Network | PAVE The Way Forward

# EDISON JUN ਵੱਲੋਂ ਅੱਪਡੇਟ

**ਇੱਕ ਅਪਾਹਜਤਾ ਵਾਲੇ ਨੌਜਵਾਨ ਲਈ ਆਤਮ-ਨਿਰਭਰਤਾ ਦਾ ਅਸਲ ਵਿੱਚ ਕੀ ਅਰਥ ਹੈ?** ਬਹੁਤ ਸਮੇਂ ਤੋਂ, ਮੈਂ ਸੋਚਦਾ ਸੀ ਕਿ ਬਾਲਗ ਬਣਨ ਦਾ ਮਤਲਬ ਹੈ ਸਭ ਕੁਝ ਆਪਣੇ ਆਪ ਕਰਨਾ। ਹੁਣ ਜਦੋਂ ਮੈਂ UC Berkeley ਵਿੱਚ ਦੂਜੇ ਸਾਲ ਦਾ ਵਿਦਿਆਰਥੀ ਹਾਂ, ਮੈਨੂੰ ਸਮਝ ਆਉਣ ਲੱਗੀ ਹੈ ਕਿ ਆਤਮ-ਨਿਰਭਰਤਾ ਦਾ ਮਤਲਬ ਕੁਝ ਵੱਖਰਾ ਹੁੰਦਾ ਹੈ। ਇਸਦਾ ਮਤਲਬ ਹੈ ਇਹ ਸਿੱਖਣਾ ਕਿ ਆਪਣੇ ਫੈਸਲੇ ਖੁਦ ਕਿਵੇਂ ਲੈਣੇ ਹਨ, ਜਦੋਂ ਮੈਨੂੰ ਮਦਦ ਦੀ ਲੋੜ ਹੋਵੇ ਤਾਂ ਆਪਣੀ ਗੱਲ ਕਿਵੇਂ ਰੱਖਣੀ ਹੈ, ਆਪਣੇ ਫੈਸਲਿਆਂ ਦੀ ਜ਼ਿੰਮੇਵਾਰੀ ਕਿਵੇਂ ਲੈਣੀ ਹੈ, ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਅਤੇ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕਿਵੇਂ ਕਰਨੀ ਹੈ। Berkeley ਵਿਖੇ ਮੇਰੇ ਪਹਿਲੇ ਸਾਲ ਨੇ ਮੈਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਆਤਮ-ਨਿਰਭਰਤਾ ਰਾਤੋ-ਰਾਤ ਹਾਸਲ ਨਹੀਂ ਹੁੰਦੀ। ਮੈਂ ਇਸਨੂੰ ਰੋਜ਼ਾਨਾ ਦੇ ਤਜਰਬਿਆਂ ਰਾਹੀਂ ਹਾਸਲ ਕਰਦਾ ਹਾਂ; ਕਈ ਵਾਰ ਸਫਲ ਹੋ ਕੇ, ਕਈ ਵਾਰ ਗਲਤੀਆਂ ਕਰਕੇ, ਅਤੇ ਜੇ ਜ਼ਰੂਰੀ ਹੋਵੇ, ਤਾਂ ਦੁਬਾਰਾ ਕੋਸ਼ਿਸ਼ ਕਰਕੇ।

ਪਿੱਛੇ ਮੁੜ ਕੇ ਦੇਖਦਿਆਂ, ਮੈਂ ਦੇਖ ਸਕਦਾ ਹਾਂ ਕਿ Berkeley ਵਿਖੇ ਮੇਰੀਆਂ ਕਿੰਨੀਆਂ ਪੁਰਾਣੀਆਂ ਦਿਲਚਸਪੀਆਂ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ। ਮੇਰੀ ਹਮੇਸ਼ਾ ਤੋਂ ਇੰਜੀਨੀਅਰਿੰਗ ਅਤੇ ਵਾਤਾਵਰਣ ਵਿੱਚ ਦਿਲਚਸਪੀ ਰਹੀ ਹੈ, ਅਤੇ ਹੁਣ ਮੈਂ ਐਨਵਾਇਰਨਮੈਂਟਲ ਇੰਜੀਨੀਅਰਿੰਗ ਸਾਇੰਸ ਦੀ ਪੜ੍ਹਾਈ ਕਰ ਰਿਹਾ ਹਾਂ, ਜਿੱਥੇ ਮੈਂ ਇਹ ਸਿੱਖ ਰਿਹਾ ਹਾਂ ਕਿ ਗਣਿਤ, ਵਿਗਿਆਨ ਅਤੇ ਇੰਜੀਨੀਅਰਿੰਗ ਪਾਣੀ, ਊਰਜਾ, ਹਵਾ ਪ੍ਰਦੂਸ਼ਣ ਅਤੇ ਜਲਵਾਯੂ ਵਰਗੀਆਂ ਵਾਤਾਵਰਣ ਸੰਬੰਧੀ ਚੁਣੌਤੀਆਂ ਦਾ ਕਿਵੇਂ ਹੱਲ ਕਰ ਸਕਦੇ ਹਨ। ਇਸ ਦੇ ਨਾਲ ਹੀ, ਮੈਨੂੰ ਅਹਿਸਾਸ ਹੋ ਰਿਹਾ ਹੈ ਕਿ ਕਾਲਜ ਦੀ ਜ਼ਿੰਦਗੀ ਸਿਰਫ਼ ਕਲਾਸਾਂ ਤੱਕ ਹੀ ਸੀਮਤ ਨਹੀਂ ਹੈ। ਮੈਂ ਡਿਸਏਬਲਡ ਕਲਚਰਲ ਕਮਿਊਨਿਟੀ (DCC) ਸੈਂਟਰ ਦੇ ਵਿਦਿਆਰਥੀ ਸਟਾਫ਼ ਮੈਂਬਰ ਵਜੋਂ ਆਪਣੇ ਕੰਮ, ਸਟੂਡੈਂਟ ਇਨਵਾਇਰਨਮੈਂਟਲ ਰਿਸੋਰਸ ਸੈਂਟਰ (SERC) ਨਾਲ ਆਪਣੀ ਸ਼ਮੂਲੀਅਤ, ਅਤੇ ਸਟਾਰ ਵਾਰਜ਼ ਕਲੱਬ ਅਤੇ ਬਰਕਲੇ ਸਵਿਮ ਕਲੱਬ ਵਿੱਚ ਆਪਣੀ ਮੈਂਬਰਸ਼ਿਪ ਰਾਹੀਂ ਬਰਕਲੇ ਭਾਈਚਾਰੇ ਦਾ ਹਿੱਸਾ ਬਣ ਰਿਹਾ ਹਾਂ।

ਇੱਕ ਗੱਲ ਜਿਸਦੀ ਮੈਂ ਸਭ ਤੋਂ ਵੱਧ ਕਦਰ ਕਰਨ ਲੱਗ ਪਿਆ ਹਾਂ ਉਹ ਇਹ ਹੈ ਕਿ ਮੈਨੂੰ ਆਪਣੇ ਭਵਿੱਖ ਦਾ ਫੈਸਲਾ ਇੱਕੋ ਵਾਰ ਵਿੱਚ ਕਰਨ ਦੀ ਲੋੜ ਨਹੀਂ ਹੈ। ਹਾਲ ਹੀ ਵਿੱਚ, ਮੈਂ ACRC ਅਤੇ ਕੈਲੀਫ਼ੋਰਨੀਆ ਕਮਿਊਨਿਟੀ ਲਿਵਿੰਗ ਨੈੱਟਵਰਕ (California Community Living Network, CCLN) ਟੀਮਾਂ ਨਾਲ ਇੱਕ PAVE (Person-Centered Advocacy, Vision, Education) ਮੀਟਿੰਗ ਵਿੱਚ ਹਿੱਸਾ ਲਿਆ। ਇਸ ਤਰ੍ਹਾਂ ਦੇ ਅਨੁਭਵ ਮੈਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣ ਵਿੱਚ ਮਦਦ ਕਰ ਰਹੇ ਹਨ ਕਿ ਮੈਂ ਆਪਣੀ ਬਾਲਗ ਜ਼ਿੰਦਗੀ ਅਤੇ ਕਰੀਅਰ ਨੂੰ ਕਿਹੋ ਜਿਹਾ ਬਣਾਉਣਾ ਚਾਹੁੰਦਾ ਹਾਂ। ਮੈਂ ਅਜੇ ਵੀ ਇਸ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹਾਂ ਕਿ ਮੈਂ ਐਨਵਾਇਰਨਮੈਂਟਲ ਇੰਜੀਨੀਅਰਿੰਗ ਦੇ ਕਿਹੜੇ ਖੇਤਰ ਵਿੱਚ ਅੱਗੇ ਵਧਣਾ ਚਾਹੁੰਦਾ ਹਾਂ, ਪਰ ਮੈਂ ਇਹ ਸਿੱਖ ਰਿਹਾ ਹਾਂ ਕਿ ਹਰ ਕਲਾਸ, ਗੱਲਬਾਤ, ਰਿਸ਼ਤਾ ਅਤੇ ਨਵਾਂ ਅਨੁਭਵ ਮੈਨੂੰ ਇਹ ਸਮਝਣ ਵਿੱਚ ਇੱਕ ਕਦਮ ਹੋਰ ਨੇੜੇ ਲਿਜਾ ਸਕਦਾ ਹੈ ਕਿ ਮੇਰੀ ਅਸਲ ਜਗ੍ਹਾ ਕਿੱਥੇ ਹੈ ਅਤੇ ਮੈਂ ਕੀ ਯੋਗਦਾਨ ਪਾ ਸਕਦਾ ਹਾਂ।



## ਘੋਸ਼ਣਾ

ACRC ਸਾਡੀ ਅਗਲੀ ਤਿਮਾਹੀ ਵਰਚੁਅਲ ਕਮਿਊਨਿਟੀ ਮੀਟਿੰਗ 4 ਨਵੰਬਰ, 2026 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਤੱਕ ਆਯੋਜਿਤ ਕਰ ਰਿਹਾ ਹੈ।

ਕਿਰਪਾ ਕਰਕੇ ਧਿਆਨ ਦਿਓ: ACRC ਦੀ ਤਿਮਾਹੀ ਭਾਈਚਾਰੇ ਦੀਆਂ ਮੀਟਿੰਗ ਦਾ ਉਦੇਸ਼ ਸੰਗਠਨ ਭਰ ਵਿੱਚ ਅਪਡੇਟਸ ਸਾਂਝੇ ਕਰਨਾ ਅਤੇ ਸਾਡੇ ਭਾਈਚਾਰੇ ਨਾਲ ਜੁੜਨਾ ਹੈ। ਇਹ ਜਗ੍ਹਾ ਕਲਾਇੰਟਾਂ ਨਾਲ ਜੁੜੇ ਵਿਸ਼ੇਸ਼ ਮੁੱਦਿਆਂ ਲਈ ਨਹੀਂ ਹੈ। ਉਸ ਵਿਚਾਰ-ਚਰਚਾ ਦਾ ਸੁਆਗਤ ਯੋਜਨਾ ਬਣਾਉਣ ਵਾਲੀ ਟੀਮ ਦੇ ਪੱਧਰ 'ਤੇ ਜਾਂ ਆਹਮੋ-ਸਾਹਮਣੇ ਗੱਲਬਾਤ ਵਿਚ ਕੀਤਾ ਜਾਂਦਾ ਹੈ। ਕਲਾਇੰਟ ਦੀ ਗੋਪਨੀਅਤਾ ਨੂੰ ਸੁਰੱਖਿਅਤ ਬਣਾਈ ਰੱਖਣ ਦੀ ਲੋੜ ਨੂੰ ਸਮਝਣ ਲਈ ਤੁਹਾਡਾ ਧੰਨਵਾਦ। ਵਾਧੂ ਜਾਣਕਾਰੀ ਵਾਸਤੇ ਲਿੰਕ ਪ੍ਰਾਪਤ ਕਰਨ ਲਈ https://www.altaregional.org/calendar 'ਤੇ ਜਾਓ। ਕਿਸੇ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ।

## ਕਲਾਇੰਟ ਸਪੌਟਲਾਈਟ - ਅਪ੍ਰੈਲ 2022 ਤੋਂ - Alta Connections ਨਿਊਜ਼ਲੈਟਰ



ਹੈਲੋ ਵਰਲਡ, ਮਿਲੋ Edison Jun ਨੂੰ! Edison ਇੱਕ ਰਚਨਾਤਮਕ, 16 ਸਾਲਾਂ ਦਾ ਕਿਸ਼ੋਰ ਹੈ ਜੋ ਆਪਣੇ ਭਾਈਚਾਰੇ ਦੀ ਸੇਵਾ ਕਰਨ ਦੀ ਇੱਛਾ ਰੱਖਦਾ ਹੈ। Edison ਦੇ ਮਾਪੇ ਉਸਦੀ ਸਫਲਤਾ ਦਾ ਸਿਹਰਾ ਬਚਪਨ ਵਿੱਚ ਉਸਨੂੰ ਮਿਲੀਆਂ ਕਈ ਥੈਰੇਪੀਆਂ ਨੂੰ ਦਿੰਦੇ ਹਨ ਜਿਨ੍ਹਾਂ ਵਿੱਚ ਸਪੀਚ ਥੈਰੇਪੀ, ਕੋਗਨਿਟਿਵ ਬਿਹੇਵਿਅਰਲ ਥੈਰੇਪੀ ਅਤੇ ਅਪਲਾਈਡ ਬਿਹੇਵਿਅਰ ਐਨਾਲਿਸਿਸ ਸ਼ਾਮਲ ਹਨ। ਇਨ੍ਹਾਂ ਥੈਰੇਪੀਆਂ ਨੇ Edison ਨੂੰ ਲੋਕਾਂ ਨਾਲ ਡੂੰਘੇ ਪੱਧਰ 'ਤੇ ਜੁੜਨ ਅਤੇ ਅਸਲ ਜੀਵਨ ਦੇ ਸਬੰਧ ਬਣਾਉਣ ਵਿੱਚ ਮਦਦ ਕੀਤੀ। Edison, ਜੋ ਨੌਵੇਂ ਗ੍ਰੇਡ ਦਾ ਵਿਦਿਆਰਥੀ ਹੈ, ਕੈਪੀਟਲ ਇਨੋਵੇਸ਼ਨ ਅਕੈਡਮੀ ਵਿੱਚ ਪੜ੍ਹਦਾ ਹੈ ਅਤੇ ਉਹ ਸੈਕ ਸਿਟੀ ਕਾਲਜ ਵਿੱਚ ਗਣਿਤ ਅਤੇ ਅੰਗਰੇਜ਼ੀ ਦੀਆਂ ਕਲਾਸਾਂ ਲੈ ਰਿਹਾ ਹੈ। "ਮੇਰਾ ਸੁਪਨਾ ਇੱਕ ਇੰਜੀਨੀਅਰ ਅਤੇ ਵਾਤਾਵਰਣ ਪ੍ਰੇਮੀ ਬਣਨਾ ਹੈ, ਤਾਂ ਜੋ ਮੈਂ ਧਰਤੀ ਦੀ ਰੱਖਿਆ ਕਰ ਸਕਾਂ ਅਤੇ ਸਾਡੀ ਬਨਸਪਤੀ ਨੂੰ ਪ੍ਰਦੂਸ਼ਣ, ਜੰਗਲੀ ਅੱਗ ਅਤੇ ਹੋਰ ਆਫ਼ਤਾਂ ਤੋਂ ਬਚਾ ਸਕਾਂ। ਜਿਨ੍ਹਾਂ ਤਰੀਕਿਆਂ ਨਾਲ ਮੈਂ ਮਦਦ ਕਰਦਾ ਹਾਂ ਉਹ ਹਨ ਰੀਸਾਈਕਲ ਕਰਨਾ, ਮੁੜ ਵਰਤਣ ਵਾਲੀ ਪਾਣੀ ਦੀ ਬੋਤਲ ਵਰਤਣਾ ਅਤੇ ਊਰਜਾ ਬਚਾਉਣਾ।"

"ਮੈਨੂੰ ਦੂਜਿਆਂ ਦੀ ਮਦਦ ਕਰਨਾ ਵੀ ਪਸੰਦ ਹੈ। ਮੈਂ ਪਿਛਲੇ ਸਾਲ iCan ਬਾਈਕ ਕੈਂਪ ਵਿੱਚ ਇੱਕ ਹਫ਼ਤੇ ਲਈ ਵਾਲੰਟੀਅਰ ਸੇਵਾ ਨਿਭਾਈ ਸੀ ਤਾਂ ਕਿ Josh, ਜੋ ਕਿ ਇੱਕ ਵਿਸ਼ੇਸ਼ ਲੋੜਾਂ ਵਾਲਾ ਨੌਜਵਾਨ ਐਥਲੀਟ ਸੀ, ਸਾਈਕਲ ਚਲਾਉਣੀ ਸਿੱਖ ਸਕੇ। ਉਸਨੇ ਇੱਕ ਹਫ਼ਤੇ ਤੱਕ ਮਿਹਨਤ ਕੀਤੀ ਅਤੇ ਅੰਤ ਵਿੱਚ ਉਹ ਚਿਹਰੇ ਤੇ ਵੱਡੀ ਮੁਸਕਰਾਹਟ ਨਾਲ ਆਪਣੀ ਸਾਈਕਲ ਚਲਾਉਣ ਦੇ ਯੋਗ ਹੋ ਗਿਆ। ਮੈਨੂੰ Josh 'ਤੇ ਬਹੁਤ ਮਾਣ ਹੈ। ਮੇਰਾ ਟੀਚਾ Special Olympics Northern California ਦੇ ਲੀਡਰਸ਼ਿਪ ਗਰੁੱਪ ਵਿੱਚ ਹਿੱਸਾ ਲੈ ਕੇ ਅਤੇ 2022 USA Games Special Olympics ਵਿੱਚ ਵਲੰਟੀਅਰ ਵਜੋਂ ਸੇਵਾ ਨਿਭਾ ਕੇ ਅਜਿਹੇ ਹੋਰ ਵਿਸ਼ੇਸ਼ ਲੋੜਾਂ ਵਾਲੇ ਨੌਜਵਾਨ ਐਥਲੀਟਾਂ ਦੀ ਮਦਦ ਕਰਨਾ ਹੈ। Edison ਖੁਦ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਾ ਇੱਕ ਤੈਰਾਕ ਹੈ, ਉਹ ਦੋ ਤੈਰਾਕੀ ਟੀਮਾਂ ਵਿੱਚ ਹਿੱਸਾ ਲੈਂਦਾ ਹੈ: ਸਪੈਸ਼ਲ ਓਲੰਪਿਕਸ ਨੌਰਦਰਨ ਕੈਲੀਫ਼ੋਰਨੀਆ (Special Olympics Northern California) ਅਤੇ ਸਪੇਅਰ ਟਾਈਮ ਐਕੁਐਟਿਕ ਸ਼ਾਰਕਸ (Spare Time Aquatic Sharks)। Edison ਨੇ ਕੁੱਲ 8 ਸੋਨ ਤਮਗੇ ਜਿੱਤੇ ਹਨ। Michael Phelps, Edison ਦਾ ਪ੍ਰੇਰਨਾ ਸਰੋਤ ਹੈ। "Michael ਤਾਕਤਵਰ ਅਤੇ ਤੇਜ਼ ਹੈ, ਖਾਸ ਕਰਕੇ ਬਟਰਫਲਾਈ ਸਟ੍ਰੋਕ ਵਿੱਚ।" Edison ਨੇ ਹਾਲ ਹੀ ਵਿੱਚ ਇੱਕ ਮਿੰਟ ਤੋਂ ਘੱਟ ਸਮੇਂ ਵਿੱਚ 100-ਯਾਰਡ ਫ੍ਰੀਸਟਾਈਲ ਤੈਰਾਕੀ ਦਾ ਨਿੱਜੀ ਰਿਕਾਰਡ ਬਣਾਇਆ ਹੈ। ਉਸਦਾ ਅਗਲਾ ਟੀਚਾ ਆਪਣਾ ਹੀ ਰਿਕਾਰਡ ਤੋੜਨਾ ਹੈ! "ਮੇਰਾ ਸਭ ਤੋਂ ਯਾਦਗਾਰੀ ਤੈਰਾਕੀ ਮੁਕਾਬਲਾ 2019 ਵਿੱਚ ਹੋਇਆ ਜੋ ਕਿ ਸਾਊਥ ਕੋਰੀਅਨ ਸਵਿਮ ਮੀਟ (South Korean Swim Meet) ਸੀ। ਮੈਂ 50 ਮੀਟਰ ਦੇ ਪੂਲ ਵਿੱਚ ਤੈਰਾਕੀ ਕੀਤੀ ਸੀ। ਇਹ ਇੰਨਾ ਲੰਬਾ ਸੀ ਕਿ ਮੈਨੂੰ ਦੂਜਾ ਲੈਪ ਸ਼ੁਰੂ ਕਰਨ ਲਈ ਪਲਟਣ ਦੀ ਲੋੜ ਹੀ ਨਹੀਂ ਪਈ।

ਰਚਨਾਤਮਕਤਾ Edison ਦੀ ਸਭ ਤੋਂ ਵੱਡੀ ਤਾਕਤ ਹੈ। "ਮੈਨੂੰ ਸਟਾਪ ਮੋਸ਼ਨ ਵੀਡੀਓ ਬਣਾਉਣਾ ਪਸੰਦ ਹੈ। ਸਟਾਪ ਮੋਸ਼ਨ ਇੱਕ ਕਿਸਮ ਦੀ ਐਨੀਮੇਸ਼ਨ ਹੈ ਜਿੱਥੇ ਤੁਸੀਂ ਆਪਣੇ ਕਿਰਦਾਰ ਨੂੰ ਥੋੜ੍ਹਾ ਜਿਹਾ ਹਿਲਾਉਂਦੇ ਹੋ ਅਤੇ ਹਰੇਕ ਫਰੇਮ ਦੀ ਤਸਵੀਰ ਲੈਂਦੇ ਹੋ। ਜਦੋਂ ਤੁਸੀਂ ਸਾਰੀਆਂ ਤਸਵੀਰਾਂ ਚਲਾਉਂਦੇ ਹੋ, ਤਾਂ ਤੁਸੀਂ ਆਪਣੇ ਹੱਥਾਂ ਨੂੰ ਹਿਲਾਏ ਬਿਨਾਂ ਐਨੀਮੇਸ਼ਨ ਦੇਖ ਸਕਦੇ ਹੋ। "ਮੈਂ ਆਪਣੇ ਸਟਾਪ ਮੋਸ਼ਨ ਵੀਡੀਓ ਲਈ Climate Change ਮੁਕਾਬਲੇ ਦਾ ਜੇਤੂ ਸੀ, ਜਿਸਨੂੰ ਰਿਕਾਰਡ ਕਰਕੇ ਐਡਿਟ ਕਰਨ ਵਿੱਚ ਮੇਰੀ ਭੈਣ ਨੇ ਮੇਰੀ ਮਦਦ ਕੀਤੀ ਸੀ। 2020 ਕਲਾਈਮੇਟ ਵੀਡੀਓ ਚੈਲੇਂਜ ਜੇਤੂ ਦਾ ਲਿੰਕ ਇਹ ਰਿਹਾ: https://youtu.be/B0MDsmQuV-Y। "ਮੈਂ ਆਪਣੀਆਂ ਰਚਨਾਵਾਂ ਲੋਕਾਂ ਨਾਲ ਸਾਂਝੀਆਂ ਕਰਦਾ ਹਾਂ ਤਾਂ ਜੋ ਉਹ ਉਨ੍ਹਾਂ ਨੂੰ ਦੇਖ ਸਕਣ। ਇਹ ਫ਼ਿਲਮਾਂ ਉਨ੍ਹਾਂ ਨੂੰ ਹਸਾਉਣਗੀਆਂ ਅਤੇ ਉਤਸ਼ਾਹਿਤ ਕਰਨਗੀਆਂ। ਮੇਰੀ ਸਕਾਰਾਤਮਕ ਸੋਚ ਹਮੇਸ਼ਾ ਮੈਨੂੰ ਕਹਿੰਦੀ ਹੈ ਕਿ ਝਿਜਕ ਛੱਡ ਕੇ ਅੱਗੇ ਵਧੋ, ਆਪਣੀ ਪੂਰੀ ਵਾਹ ਲਾਓ, ਉਹ ਕਰੋ ਜੋ ਤੁਹਾਨੂੰ ਸਹੀ ਲੱਗਦਾ ਹੈ ਅਤੇ ਆਪਣੇ ਲਈ ਇਸਦਾ ਆਨੰਦ ਮਾਣੋ। Edison ਦੀਆਂ ਹੋਰ ਰਚਨਾਵਾਂ ਦੇਖਣ ਲਈ ਇਸ ਲਿੰਕ 'ਤੇ ਜਾਓ, ਜਿਸ ਵਿੱਚ ਉਸਦੇ TEDx ਟਾੱਕ ਵੀ ਸ਼ਾਮਲ ਹਨ: https://www.youtube.com/results?search_query=edison+jun।

# ਇਹ ਤਾਰੀਖ ਨੋਟ ਕਰ ਲਓ



YES ON W WILLOWGROVE

## YES ON W: WILLOWGROVE
## ALTA REGIONAL ਇਨਫ਼ੋ ਨਾਈਟ

**ਜਦੋਂ:** ਮੰਗਲਵਾਰ, 13 ਅਕਤੂਬਰ
**ਕਿੱਥੇ:** Yes on W HQ
400 F St, Ste A, Davis
**ਸਮਾਂ:** ਸ਼ਾਮ 6 ਤੋਂ 7 ਵਜੇ

## ਆਓ ACRC ਨਾਲ ਸਾਡੀ ਭਾਈਵਾਲੀ ਬਾਰੇ ਜਾਣੋ ਅਤੇ ਇਹ ਕਿ ਤੁਹਾਡਾ ਪਰਿਵਾਰ Yes on W ਨਾਲ ਕਿਵੇਂ ਜੁੜ ਸਕਦਾ ਹੈ

**ਕਿਰਪਾ ਕਰਕੇ weardavisca@gmail.com 'ਤੇ RSVP ਕਰੋ।**

ਵਿਗਿਆਪਨ ਦਾ ਭੁਗਤਾਨ Davis for Willowgrove, Yes on W ਦੁਆਰਾ ਕੀਤਾ ਗਿਆ ਹੈ। ਵਿਗਿਆਪਨ ਕਮੇਟੀ ਦੇ ਪ੍ਰਮੁੱਖ ਫੰਡ ਦੇਣ ਵਾਲੇ ਹਨ:
James Koppert
Bill Chatham
Timber Trinity LLC